Fair Advice Financial | Carte Wealth Management Inc.
RDSP (Registered Disability Savings Plan)
☑ Disabled person who is eligible for Disability Tax Credit.
☑ And who is 49 years old or younger.
☑ By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 80 Thursday, April 25th, 2019 Tel: 905-793-2202 | Fax: 905-793-2282 | news@punjabipost.ca

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

To view our online newspaper visit **punjabipost.ca/epaper** THE ONLY DAILY PUNJABI NEWS > ਹੁਣ ਤੁਸੀਂ 'ਪੰਜਾਬੀ ਪੋਸਟ' ***Online*** ਰੋਜ਼ਾਨਾ ਪੜ੍ਹ ਸਕਦੇ ਹੋ



# TCMPLUS
**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

**WE TREAT:**
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

**FREE CONSULTATION:** 905-415-6999
30 Wertheim court, Unit 11, Richmond Hill

**TOTAL HOME** Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

Guaranteed lowest Price up to 50% OFF

- •WINDOWS •FIBERGLASS DOORS
- •STEEL DOORS •SLIDING PATIO DOORS

- Honest & fair prices
- Professional installation
- High quality products
- First class service

For 5 Stars Reviews Online & Testimonial visit:
https://thwindowsdoors.com/testimonials/



Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

jobs! jobs! jobs! jobs! jobs!

DUNDAS·JAFINE

# HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com


ਮੂੰਹੋ ਬੋਲਦੀ Kitchen and Washroom ਬਣਵਾਓ

# Pearson
Kitchen & Cabinet

Free Estimate
We Specialize in granite, quartz & marble countertops

100% Satisfaction On Time





**We Specialize In:**
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931

Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਆ ਗਈ ਖਬਰ ਬੰਗਾਲ ਤੋਂ ਨਵੀਂ-ਤਾਜ਼ੀ,
ਓਥੇ ਚੋਣਾਂ ਵਿੱਚ ਲੱਗਾ ਪਿਆ ਜ਼ੋਰ ਮੀਆਂ।
ਚੱਕਰ ਲਾਉਂਦੇ ਆ ਮੋਦੀ ਤੇ ਸ਼ਾਹ ਓਧਰ,
ਗੂੰਜਦਾ ਰਹਿੰਦਾ ਜਹਾਜ਼ਾਂ ਦਾ ਸ਼ੋਰ ਮੀਆਂ।
ਮਮਤਾ ਬੈਨਰਜੀ ਬਣੀ ਪਈ ਸ਼ੀਂਹ ਅੱਗੋਂ,
ਉਸ ਨੇ ਢਿੱਲੀ ਨਹੀਂ ਛੱਡਣੀ ਡੋਰ ਮੀਆਂ।
ਮੋਦੀ-ਸ਼ਾਹ ਜਿਹੇ ਬੀਬੀ ਨੂੰ ਚੋਰ ਆਖਣ,
ਉਹ ਹੈ ਇਨ੍ਹਾਂ ਨੂੰ ਆਖ ਰਹੀ ਚੋਰ ਮੀਆਂ।
ਟੱਕਰ ਦੋਵਾਂ ਦੀ ਜਾਪ ਰਹੀ ਬੜੀ ਤਕੜੀ,
ਮਾਹਰ ਲੱਭਣ ਅੰਦਾਜ਼ਾ ਨਾ ਲਾਉਣ ਵਾਲੇ।
ਕੋਈ ਵੀ ਜਿੱਤਿਆ ਧੜਾ ਬੰਗਾਲ ਅੰਦਰ,
ਅੱਛੇ ਦਿਨ ਨਹੀਂ ਲੋਕਾਂ ਦੇ ਆਉਣ ਵਾਲੇ।

ਤੀਸ ਮਾਰ ਖਾਂ

# ਫੈਡਰਲ ਸਰਕਾਰ ਮੂਲਵਾਸੀਆਂ ਸਬੰਧੀ ਕੈਨੇਡੀਅਨ ਕਾਨੂੰਨਾਂ ਤੇ ਨੀਤੀਆਂ ਵਿੱਚ ਸੁਧਾਰ ਕਰਨ ਦੇ ਵਾਅਦੇ ਤੋਂ ਮੁੱਕਰੀ : ਰੇਅਬੋਲਡ

ਓਟਵਾ, 24 ਅਪਰੈਲ (ਪੋਸਟ ਬਿਊਰੋ) : ਸਾਬਕਾ ਲਿਬਰਲ ਨਿਆਂ ਮੰਤਰੀ ਜੋਡੀ ਵਿਲਸਨ ਰੇਅਬੋਲਡ ਵੱਲੋਂ ਫੈਡਰਲ ਸਰਕਾਰ ਉੱਤੇ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਉਨ੍ਹਾਂ ਵੱਲੋਂ ਮੂਲਵਾਦੀਆਂ ਦੀ ਜਸਟਿਸ ਫਾਈਲ ਉੱਤੇ ਸਿਰਫ ਵਾਧੂ ਦੀ ਕਾਰਵਾਈ ਹੀ ਕੀਤੀ ਗਈ ਹੈ। ਕਦੇ ਲਿਬਰਲ ਸਰਕਾਰ ਦਾ ਹਿੱਸਾ ਰਹੀ ਰੇਅਬੋਲਡ ਨੇ ਇਹ ਵੀ ਆਖਿਆ ਕਿ ਫੈਡਰਲ ਸਰਕਾਰ ਮੂਲਵਾਸੀਆਂ ਸਬੰਧੀ ਕੈਨੇਡੀਅਨ ਕਾਨੂੰਨਾਂ ਤੇ ਨੀਤੀਆਂ ਵਿੱਚ ਸੁਧਾਰ ਕਰਨ ਦੇ ਆਪਣੇ ਵਾਅਦੇ ਤੋਂ ਵੀ ਪਿੱਛੇ ਹਟ ਗਈ ਹੈ।

ਬੁੱਧਵਾਰ ਨੂੰ ਬੀਸੀ ਫਰਸਟ ਨੇਸ਼ਨਜ਼ ਜਸਟਿਸ ਕਾਉਂਸਲ ਨੂੰ ਸੰਬੋਧਨ ਕਰਦਿਆਂ ਰੇਅਬੋਲਡ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਡਰ ਤੇ ਨਿਰਾਸ਼ਾ ਹੈ ਕਿ ਵਾਰੀ ਵਾਰੀ ਚਿਤਾਰਨ, ਸਲਾਹਾਂ ਦੇਣ, ਮੂਲਵਾਸੀ ਤਜਰਬਿਆਂ ਨੂੰ ਹੰਢਾਉਣ ਤੇ ਵਾਰੀ ਵਾਰੀ ਇੱਕੋ ਗੱਲ ਲਈ ਆਵਾਜ਼ ਉਠਾਉਣ ਦੇ ਬਾਵਜੂਦ ਸਰਕਾਰ ਮੂਲਵਾਸੀ ਲੋਕਾਂ ਦੀਆਂ ਦਿੱਕਤਾਂ ਦਾ ਡੰਗ ਟਪਾਊ ਹੱਲ ਕਰਨ ਦੇ ਪੁਰਾਣੇ ਢੱਰੇ ਉੱਤੇ ਹੀ ਚੱਲ ਰਹੀ ਹੈ। ਸਰਕਾਰ ਵੱਲੋਂ ਇਸ ਯਥਾਸਥਿਤੀ ਨੂੰ ਬਦਲਣ ਲਈ ਕੁੱਝ ਨਹੀਂ ਕੀਤਾ ਗਿਆ।



ਇਸ ਮੌਕੇ ਰੇਅਬੋਲਡ ਦੇ ਨਾਲ ਨਵੀਂ ਆਜ਼ਾਦ ਐਮਪੀ ਜੇਨ ਫਿਲਪੌਟ ਵੀ ਹਾਜ਼ਰ ਸੀ, ਦੋਵਾਂ ਨੇ ਸਾਂਝੇ ਤੌਰ ਉੱਤੇ "ਫਰੌਮ ਡਿਨਾਇਲ ਟੂ ਰੈਕੋਗਨੀਸ਼ਨ : ਦ ਚੈਲੈਂਜਿਜ਼ ਆਫ ਇੰਡੀਜੀਨਸ ਜਸਟਿਸ ਇਨ ਕੈਨੇਡਾ," ਵਿਸ਼ੇ ਉੱਤੇ ਇੱਕਠ ਨੂੰ ਸੰਬੋਧਨ ਕੀਤਾ। ਬ੍ਰਿਟਿਸ਼ ਕੋਲੰਬੀਆ ਤੋਂ ਫਰਸਟ ਨੇਸ਼ਨਜ਼ ਆਗੂਆਂ ਦੇ ਇਸ ਇੱਕਠ ਦਾ ਮਕਸਦ ਪ੍ਰੋਵਿੰਸ਼ੀਅਲ ਸਰਕਾਰ ਨਾਲ ਅਜਿਹੀ ਰਣਨੀਤੀ ਤਿਆਰ ਕਰਨ ਉੱਤੇ ਕੇਂਦਰਿਤ ਸੀ ਕਿ ਜਿਸ ਨਾਲ ਫਰਸਟ ਨੇਸ਼ਨਜ਼ ਦੇ ਲੋਕਾਂ ਤੇ ਕ੍ਰਿਮੀਨਲ ਨਿਆਂ ਸਿਸਟਮ ਦਰਮਿਆਨ ਸਬੰਧਾਂ ਵਿੱਚ ਸੁਧਾਰ ਹੋ ਸਕੇ।

ਰੇਅਬੋਲਡ ਨੇ ਆਪਣੀਆਂ ਸ਼ੁਰੂਆਤੀ ਟਿੱਪਣੀਆਂ ਵਿੱਚ ਆਖਿਆ ਕਿ ਪਿਛਲੇ ਸਾਲ ਨਵੰਬਰ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਲੀਡਰਸ਼ਿਪ ਨਾਲ ਉਨ੍ਹਾਂ ਦੀ ਹੋਈ ਗੱਲਬਾਤ ਤੋਂ ਬਾਅਦ ਕੁੱਝ ਸੁਧਾਰ ਜ਼ਰੂਰ ਹੋਇਆ ਹੈ ਤੇ ਹਾਲਾਤ ਪਹਿਲਾਂ ਦੇ ਮੁਕਾਬਲੇ ਥੋੜ੍ਹੇ ਜਿਹੇ ਬਦਲੇ ਹਨ। ਲੱਗਭਗ ਤਿੰਨ ਸਾਲਾਂ ਤੱਕ ਕੈਨੇਡਾ ਦੀ ਪਹਿਲੀ ਮੂਲਵਾਸੀ ਨਿਆਂ ਮੰਤਰੀ ਤੇ ਅਟਾਰਨੀ ਜਨਰਲ ਰਹਿਣ ਦੇ ਹਿਸਾਬ ਨਾਲ ਰੇਅਬੋਲਡ ਨੇ ਮੌਜੂਦਾ ਨਿਆਂ ਸਿਸਟਮ ਵਿੱਚ ਤਬਦੀਲੀਆਂ ਕਰਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਬਾਰੇ ਮੂਲਵਾਸੀ ਆਗੂਆਂ ਨੂੰ ਜਾਣਕਾਰੀ ਦਿੱਤੀ। ਰੇਅਬੋਲਡ ਨੇ ਆਖਿਆ ਕਿ ਕੈਬਨਿਟ ਮੰਤਰੀ ਰਹਿੰਦਿਆਂ ਉਨ੍ਹਾਂ ਕੰਮ ਕਾਰ ਕਰਨ ਦੇ ਢੰਗ ਨੂੰ ਵੀ ਕਈ ਵਾਰੀ ਚੁਣੌਤੀਆਂ ਦਿੱਤੀਆਂ। ਉਨ੍ਹਾਂ ਆਖਿਆ ਕਿ ਅਜੇ ਵੀ ਇਸ ਪਾਸੇ ਕਾਫੀ ਕੁੱਝ ਕੀਤਾ ਜਾਣਾ ਬਾਕੀ ਹੈ।

ਇਸ ਦੌਰਾਨ ਫਿਲਪੌਟ ਨੇ ਵੀ ਰੇਅਬੋਲਡ ਦੇ ਲਹਿਜੇ ਵਿੱਚ ਗੱਲ ਕਰਦਿਆਂ ਆਖਿਆ ਕਿ ਇਸ ਤੋਂ ਪਹਿਲਾਂ ਕਿ ਸਰਕਾਰ ਇਹ ਆਖੇ ਕਿ ਉਸ ਨੇ ਕੈਨੇਡਾ ਦੀਆਂ ਫਰਸਟ ਨੇਸ਼ਨਜ਼, ਇਨੁਇਟ ਤੇ ਮੈਟਿਸ ਲੋਕਾਂ ਨਾਲ ਸੱਚਾ ਰਿਸ਼ਤਾ ਕਾਇਮ ਕਰ ਲਿਆ ਹੈ, ਇਸ ਪਾਸੇ ਕਾਫੀ ਕੰਮ ਹੋਣਾ ਬਾਕੀ ਹੈ। ਸੁਲ੍ਹਾ ਦੀ ਲੋੜ ਬਾਰੇ ਸਾਰੇ ਕੈਨੇਡੀਅਨਾਂ ਨੂੰ ਰਾਜ਼ੀ ਕਰਨ ਵਿੱਚ ਅਜੇ ਸਾਨੂੰ ਲੰਮਾਂ ਸਮਾਂ ਲੱਗ ਸਕਦਾ ਹੈ। ਪਿਛਲੇ ਚਾਰ ਸਾਲਾਂ ਵਿੱਚ ਇਸ ਪਾਸੇ ਕਾਫੀ ਕੰਮ ਹੋਇਆ ਹੈ ਪਰ ਉਸ ਨੂੰ ਤਸੱਲੀਬਖਸ਼ ਨਹੀਂ ਆਖਿਆ ਜਾ ਸਕਦਾ।

# ਮਹਾਵਾ ਸਕੂਲ ਵੈਨ ਹਾਦਸੇ ਦੇ ਦੋਸ਼ੀ ਡਰਾਈਵਰ ਨੂੰ ਛੇ ਸਾਲ ਕੈਦ ਤੇ ਜੁਰਮਾਨਾ

ਅੰਮ੍ਰਿਤਸਰ, 24 ਅਪ੍ਰੈਲ (ਪੋਸਟ ਬਿਊਰੋ)- 20 ਸਤੰਬਰ 2016 ਨੂੰ ਪਿੰਡ ਮਹਾਵਾ ਦੇ ਸਕੂਲ ਦੀ ਵੈਨ ਦੇ ਡਰੇਨ ਵਿੱਚ ਡਿੱਗਣ ਕਾਰਨ ਮਾਰੇ ਗਏ ਸੱਤ ਬੱਚਿਆਂ ਦੇ ਕੇਸ ਵਿੱਚ ਜ਼ਿਲ੍ਹਾ ਸੈਸ਼ਨ ਜੱਜ ਕਰਮਜੀਤ ਸਿੰਘ ਦੀ ਅਦਾਲਤ ਨੇ ਡਰਾਈਵਰ ਸਤਨਾਮ ਸਿੰਘ ਨੂੰ ਦੋਸ਼ੀ ਮੰਨ ਕੇ ਛੇ ਸਾਲ ਕੈਦ ਦੀ ਸਜ਼ਾ ਸੁਣਾਈ ਅਤੇ 10 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਇਸ ਵੈਨ ਦੇ ਮਾਲਕ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਹਾਦਸੇ ਦੇ ਸਮੇਂ ਵੀ ਡਰਾਈਵਰ ਦੀ ਹੀ ਗਲਤੀ ਨਿਕਲੀ ਸੀ। ਉਹ ਬਹੁਤ ਤੇਜ਼ ਸਕੂਲ ਵੈਨ ਚਲਾ ਰਿਹਾ ਸੀ, ਬੱਚਿਆਂ ਨੇ ਉਸ ਨੂੰ ਟੋਕਿਆ ਵੀ ਸੀ। ਸਭ ਤੋਂ ਵੱਡੀ ਗੱਲ ਇਹ ਕਿ ਹਾਦਸੇ ਦੇ ਸਮੇਂ ਦੋਸ਼ੀ ਨੇ ਖੁਦ ਵੈਨ ਵਿੱਚੋਂ ਛਾਲ ਮਾਰ ਦਿੱਤੀ ਸੀ। ਥਾਣਾ ਘਰਿੰਡਾ ਪੁਲਸ ਨੇ ਪਿੰਡ ਮਹਾਵਾ ਦੇ 71 ਸਾਲਾ ਮਹਿਲ ਸਿੰਘ ਦੇ ਬਿਆਨਾਂ 'ਤੇ ਹਾਦਸੇ ਬਾਰੇ ਕੇਸ ਦਰਜ ਕੀਤਾ ਸੀ। ਇਸ ਹਾਦਸੇ ਵਿੱਚ ਮਹਿਲ ਸਿੰਘ ਦੇ ਅੱਠ ਸਾਲ ਦੇ ਪੋਤਰੇ ਯੁਵਰਾਜ ਸਿੰਘ ਅਤੇ ਨੌਂ ਸਾਲ ਦੀ ਪੋਤਰੀ ਸਹਿਜਪ੍ਰੀਤ ਕੌਰ ਦੀ ਮੌਤ ਹੋ ਗਈ ਸੀ। ਦੋਸ਼ੀ ਸਤਨਾਮ ਸਿੰਘ ਸਕੂਲ ਵੈਨ ਦਾ ਡਰਾਈਵਰ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਪੀਈਆਈ ਦੇ ਵੋਟਰਾਂ ਨੇ ਪੀਸੀ ਪਾਰਟੀ ਦੇ ਹੱਕ ਵਿੱਚ ਦਿੱਤਾ ਫਤਵਾ

## ਗ੍ਰੀਨ ਪਾਰਟੀ ਮੁੱਖ ਵਿਰੋਧੀ ਧਿਰ ਵਜੋਂ ਉਭਰੀ



ਸ਼ਾਰਲਟਟਾਊਨ, 24 ਅਪਰੈਲ (ਪੋਸਟ ਬਿਊਰੋ) : ਪ੍ਰਿੰਸ ਐਡਵਰਡ ਆਈਲੈਂਡ (ਪੀਈਆਈ) ਦੇ ਵੋਟਰਜ਼ ਨੇ ਆਪਣੇ ਸਦੀ ਪੁਰਾਣੇ ਦੋ ਪਾਰਟੀ ਸਿਸਟਮ ਨੂੰ ਆਖਿਰਕਾਰ ਵਿਦਾਅ ਕਰ ਹੀ ਦਿੱਤਾ। ਪੀਈਆਈ ਦੇ ਵੋਟਰਾਂ ਨੇ ਘੱਟ ਗਿਣਤੀ ਟੋਰੀ ਸਰਕਾਰ ਨੂੰ ਚੁਣਿਆ ਹੈ ਤੇ ਪਹਿਲੀ ਵਾਰੀ ਮੁੱਖ ਵਿਰੋਧੀ ਧਿਰ ਦਾ ਦਰਜਾ ਗ੍ਰੀਨ ਪਾਰਟੀ ਦੇ ਅਧਿਕਾਰੀਆਂ ਨੂੰ ਮਿਲਿਆ ਹੈ।

ਟੋਰੀਜ਼ ਨੂੰ 12 ਸੀਟਾਂ ਉੱਤੇ ਜਿੱਤ ਹਾਸਲ ਹੋਈ ਹੈ ਜਦਕਿ ਗ੍ਰੀਨ ਪਾਰਟੀ ਅੱਠ ਸੀਟਾਂ ਹਾਸਲ ਕਰਨ ਵਿੱਚ ਕਾਮਯਾਬ ਰਹੀ ਹੈ। ਪ੍ਰੀਮੀਅਰ ਵੇਡ ਮੈਕਲਾਕਲੈਨ ਦੀ ਅਗਵਾਈ ਵਿੱਚ ਲਿਬਰਲਾਂ ਨੂੰ ਸਿਰਫ ਛੇ ਸੀਟਾਂ ਹੀ ਮਿਲ ਸਕੀਆਂ ਹਨ। ਟੋਰੀ ਆਗੂ ਡੈਨਿਸ ਕਿੰਗ ਨੇ ਨਤੀਜੇ ਆਉਣ ਤੋਂ ਬਾਅਦ ਆਪਣੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਪ੍ਰਿੰਸ ਐਡਵਰਡ ਆਈਲੈਂਡ ਵਿੱਚ ਨਵੇਂ ਦਿਨ ਵਿੱਚ ਸੱਭਨਾਂ ਦਾ ਸਵਾਗਤ ਹੈ। ਆਈਲੈਂਡ ਸਿਆਸਤ ਦੇ ਨਵੇਂ ਯੁੱਗ ਵਿੱਚ ਸੱਭ ਦਾ ਸਵਾਗਤ ਹੈ। ਸਾਨੂੰ ਇਹ ਮਾਣ ਬਖਸ਼ਣ ਤੇ ਇਹ ਜ਼ਿੰਮੇਵਾਰੀ ਦੇਣ ਲਈ ਸੱਭ ਦਾ ਬਹੁਤ ਬਹੁਤ ਧੰਨਵਾਦ।

ਕਿੰਗ ਨੇ ਗ੍ਰੀਨਜ਼ ਦੀ ਚੜ੍ਹਤ ਨੂੰ ਵੇਖਦਿਆਂ ਆਖਿਆ ਕਿ ਇਨ੍ਹਾਂ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਆਈਲੈਂਡ ਦੇ ਵੋਟਰ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਰਲ ਕੇ ਕੰਮ ਕਰਨ। ਬ੍ਰੈਕਲੇ-ਹੰਟਰ ਰਿਵਰ ਦੇ ਆਪਣੇ ਹਲਕੇ ਤੋਂ ਜਿੱਤ ਦਰਜ ਕਰਵਾਉਣ ਤੋਂ ਬਾਅਦ ਕਿੰਗ ਨੇ ਸਵੀਕਾਰ ਕੀਤਾ ਕਿ ਉਹ ਆਪਣੀ ਪਾਰਟੀ ਦੀ ਜਿੱਤ ਤੋਂ ਬਹੁਤ ਖੁਸ਼ ਹਨ। ਟੋਰੀਜ਼ ਨੂੰ 37 ਫੀ ਸਦੀ ਵੋਟਾਂ ਹਾਸਲ ਹੋਈਆਂ, ਗ੍ਰੀਨਜ਼ ਨੂੰ 31 ਫੀ ਸਦੀ ਤੇ ਲਿਬਰਲਾਂ ਨੂੰ 29 ਫੀ ਸਦੀ ਵੋਟਾਂ ਹਾਸਲ ਹੋਈਆਂ। ਐਨਡੀਪੀ ਸਿਰਫ ਤਿੰਨ ਫੀ ਸਦੀ ਵੋਟਾਂ ਹੀ ਹਾਸਲ ਕਰ ਸਕੀ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਪਬਲਿਕ ਹੈਲਥ ਕਟੌਤੀਆਂ ਦੇ ਐਲਾਨ ਤੋਂ ਬਾਅਦ ਟੋਰਾਂਟੋ ਤੇ ਪ੍ਰੋਵਿੰਸ ਦਰਮਿਆਨ ਖਿੱਚੋਤਾਣ ਵਧੀ



ਟੋਰਾਂਟੋ, 24 ਅਪਰੈਲ (ਪੋਸਟ ਬਿਊਰੋ) : ਪਬਲਿਕ ਹੈਲਥ ਫੰਡਿੰਗ ਵਿੱਚ ਕੀਤੀਆਂ ਗਈਆਂ ਕਟੌਤੀਆਂ ਕਾਰਨ ਸਿਟੀ ਤੇ ਪ੍ਰੋਵਿੰਸ ਦਰਮਿਆਨ ਵਧੀ ਖਿੱਚੋਤਾਣ ਦਾ ਮਾਮਲਾ ਹੁਣ ਜਨਤਕ ਹੋ ਗਿਆ ਹੈ।

ਸਿਟੀ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਪਬਲਿਕ ਹੈਲਥ ਖਰਚਿਆਂ ਵਿੱਚ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਕੀਤੀਆਂ ਕਟੌਤੀਆਂ ਦੇ ਨਤੀਜੇ ਵਜੋਂ ਅਗਲੇ ਦਸ ਸਾਲਾਂ ਵਿੱਚ ਉਨ੍ਹਾਂ ਨੂੰ ਇੱਕ ਬਿਲੀਅਨ ਡਾਲਰ ਤੋਂ ਹੱਥ ਧੁਆਉਣੇ ਹੋਣਗੇ ਜਦਕਿ ਸਿਹਤ ਮੰਤਰੀ ਦੇ ਆਫਿਸ ਵੱਲੋਂ ਕਟੌਤੀ ਵਜੋਂ ਇਸ ਤੋਂ ਅੱਧੀ ਰਕਮ ਦੱਸੀ ਜਾ ਰਹੀ ਹੈ। ਬੁੱਧਵਾਰ ਨੂੰ ਸਿਟੀ ਹਾਲ ਵਿੱਚ ਓਨਟਾਰੀਓ ਦੀ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਦੇ ਬੁਲਾਰੇ ਨੇ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿਟੀ ਵੱਲੋਂ ਪੇਸ਼ ਕੀਤੇ ਅੰਕੜਿਆਂ ਨੂੰ ਗਲਤ ਦੱਸਿਆ। ਉਨ੍ਹਾਂ ਕਾਉਂਸਲਰ ਜੋਈ ਕ੍ਰੈਸੀ ਦੇ ਉਸ ਦਾਅਵੇ ਨੂੰ ਵੀ ਖਾਰਜ ਕੀਤਾ ਕਿ ਇਨ੍ਹਾਂ ਕਟੌਤੀਆਂ ਕਾਰਨ ਲੋਕ ਮਰ ਵੀ ਸਕਦੇ ਹਨ।

ਬੁਲਾਰੇ ਟਰੈਵਿਸ ਕਾਨ ਨੇ ਪੱਤਰਕਾਰਾਂ ਤੇ ਕ੍ਰੈਸੀ ਤੋਂ ਦੂਰ ਜਾਂਦਿਆਂ ਆਖਿਆ ਕਿ ਇਹ ਸੁਝਾਅ ਕਿ ਲੋਕ ਮਰਨਗੇ ਤਾਂ ਲੋਕਾਂ ਵਿੱਚ ਘਬਰਾਹਟ ਪੈਦਾ ਕਰਨ ਵਾਲਾ ਲੱਗਦਾ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਓਨਟਾਰੀਓ ਵਾਸੀ ਆਪਣੀ ਸੋਚ ਯਥਾਰਥਕ ਰੱਖਣਗੇ। ਕ੍ਰੈਸੀ ਨਿਊਜ਼ ਕਾਨਫਰੰਸ ਤੋਂ ਬਾਅਦ ਉਨ੍ਹਾਂ ਤੋਂ ਸਵਾਲ ਪੁੱਛਣ ਦੀ ਕੋਸ਼ਿਸ਼ ਕਰ ਰਹੇ ਸਨ। ਕਾਨ ਨੇ ਆਖਿਆ ਕਿ ਮੰਤਰਾਲਾ ਇਸ ਮੁੱਦੇ ਨੂੰ ਸਪਸ਼ਟ ਕਰਨ ਲਈ ਸਿਟੀ ਨਾਲ ਰਲ ਕੇ ਕੰਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਕਾਨ ਨੇ ਆਖਿਆ ਕਿ ਇਸ ਵਿੱਤੀ ਸਥਿਤੀ ਦੇ ਪੈਣ ਵਾਲੇ ਪ੍ਰਭਾਵ ਉੱਤੇ ਸਾਡੀ ਸਹਿਮਤੀ ਨਹੀਂ ਹੈ। ਅਸੀਂ ਇਸ ਨੂੰ ਸਿਟੀ ਦੇ ਸਮੁੱਚੇ ਬਜਟ ਦੇ ਇੱਕ ਤਿਹਾਈ ਵਜੋਂ ਵੇਖਦੇ ਹਾਂ। ਉਨ੍ਹਾਂ ਦੇ ਅੰਕੜੇ ਕੁੱਝ ਹੋਰ ਬੋਲਦੇ ਹਨ। ਉਨ੍ਹਾਂ ਆਖਿਆ ਕਿ ਉਹ ਇਸ ਗੱਲ ਉੱਤੇ ਟਿੱਪਣੀ ਨਹੀਂ ਕਰ ਸਕਦੇ ਕਿ ਉਨ੍ਹਾਂ ਨੇ ਇਹ ਅੰਕੜੇ ਕਿਵੇਂ ਤੇ ਕਿੱਥੋਂ ਲਏ ਹਨ। ਉਨ੍ਹਾਂ ਆਖਿਆ ਕਿ ਯਕੀਨਨ ਅਸੀਂ ਇਸ ਸਬੰਧੀ ਮਤਭੇਦ ਖਤਮ ਕਰਨੇ ਚਾਹਾਂਗੇ।

ਸਿਹਤ ਮੰਤਰਾਲੇ ਦੇ ਅੰਕੜੇ ਅਨੁਸਾਰ ਇਸ ਸਾਲ ਟੋਰਾਂਟੋ ਪਬਲਿਕ ਹੈਲਥ ਨੂੰ ਫੰਡਿੰਗ ਵਿੱਚ 33 ਮਿਲੀਅਨ ਡਾਲਰ ਦੀ ਕਟੌਤੀ ਦਾ ਸਾਹਮਣਾ ਕਰਨਾ ਹੋਵੇਗਾ ਤੇ 2021-22 ਤੱਕ ਜਦੋਂ ਤੱਕ ਇਹ ਤਬਦੀਲੀਆਂ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਜਾਂਦੀਆਂ ਸਾਲ ਵਿੱਚ 42 ਮਿਲੀਅਨ ਡਾਲਰ ਦੀ ਕਟੌਤੀ ਸਹਿਣੀ ਹੋਵੇਗੀ। ਸਿਟੀ ਦੇ ਬੋਰਡ ਆਫ ਹੈਲਥ ਦੇ ਚੇਅਰ ਕ੍ਰੈਸੀ ਵੀ ਇਸ ਸਾਲ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਪ੍ਰੋਵਿੰਸ ਭਰ ਵਿੱਚ ਪਬਲਿਕ ਹੈਲਥ ਫੰਡਿੰਗ ਵਿੱਚ 200 ਮਿਲੀਅਨ ਡਾਲਰ ਦੀ ਕਟੌਤੀ ਕਰਨ ਦੇ ਫੈਸਲੇ ਤੋਂ ਖੁਸ਼ ਨਹੀਂ ਹਨ। ਟੋਰਾਂਟੋ ਨੂੰ ਇਹ ਦੱਸਿਆ ਗਿਆ ਹੈ ਕਿ ਇਹ ਕਟੌਤੀ ਸੱਭ ਤੋਂ ਵੱਧ ਟੋਰਾਂਟੋ ਦੇ ਖਾਤੇ ਵਿੱਚੋਂ ਕੀਤੀ ਜਾਵੇਗੀ।

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ShergGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਸੁਪਰੀਮ ਕੋਰਟ ਨੇ ਕਿਹਾ: ਨਿਆਂ ਪਾਲਿਕਾ ਵਿੱਚ ਕੋਈ ਫਿਕਸਿੰਗ ਰੈਕੇਟ ਹੋਇਆ ਤਾਂ ਜੜ੍ਹ ਤਕ ਜਾਵਾਂਗੇ

ਨਵੀਂ ਦਿੱਲੀ, 24 ਅਪਰੈਲ, (ਪੋਸਟ ਬਿਊਰੋ)- ਭਾਰਤ ਦੇ ਚੀਫ ਜਸਟਿਸ (ਸੀ ਜੇ ਆਈ) ਰੰਜਨ ਗੋਗੋਈ ਉੱਤੇਸੈਕਸ ਸ਼ੋਸ਼ਣ ਦੇ ਦੋਸ਼ ਲੱਗਣ ਦੇ ਪਿੱਛੇ ਵੱਡੀ ਸਾਜ਼ਿਸ਼ ਤੇ ਫਿਕਸਰ ਕਾਰਪੋਰੇਟ ਲਾਬੀ ਹੋਣ ਦੇ ਦੋਸ਼ ਬਾਰੇ ਅੱਜ ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਸਾਫ਼ ਕੀਤਾ ਕਿ ਨਿਆਂ ਪਾਲਿਕਾ ਵਿੱਚ ਫਿਕਸਰਾਂ (ਦਲਾਲਾਂ) ਦੀ ਕੋਈ ਭੂਮਿਕਾ ਨਹੀਂ, ਜੇ ਫਿਕਸਿੰਗ ਰੈਕੇਟ ਚੱਲਦਾ ਹੈ ਤਾਂ ਉਸ ਦੀ ਜੜ੍ਹ ਤਕ ਜਾਵਾਂਗੇ। ਕੋਰਟ ਨੇ ਕਿਹਾ ਕਿ ਇਹ ਮਾਮਲਾ ਬੜਾ ਗੰਭੀਰ ਹੈ, ਨਿਆਂ ਪਾਲਿਕਾ ਦੀ ਸੁਤੰਤਰਤਾ ਖ਼ਤਰੇ ਵਿਚ ਹੈ, ਇਸ ਲਈ ਪੂਰੀ ਜਾਂਚ ਕਰਾਂਗੇ।

ਇਸ ਸੰਬੰਧ ਵਿੱਚ ਵਕੀਲ ਉਤਸਵ ਬੈਂਸ ਨੇ ਐਫੀਡੇਵਿਟਪੇਸ਼ ਕਰ ਕੇ ਦੋਸ਼ ਲਾਇਆ ਕਿ ਚੀਫ ਜਸਟਿਸ ਉੱਤੇ ਦੋਸ਼ ਲਾਉਣ ਦੇ ਪਿੱਛੇ ਕਾਰਪੋਰੇਟ ਫਿਕਸਰ ਲੌਬੀ ਤੇ ਸੁਪਰੀਮ ਕੋਰਟ ਦੀ ਨੌਕਰੀ ਤੋਂ ਕੱਢੇ ਤਿੰਨ ਸਾਬਕਾ ਦੋਸ਼ੀ ਖ਼ਾਸ ਤੌਰ ਉੱਤੇ ਤਪਨ ਕੁਮਾਰ ਚੱਕਰਵਰਤੀ, ਮਾਨਵ ਸ਼ਰਮਾ ਅਤੇ ਇਕ ਹੋਰ ਸ਼ਾਮਲ ਹਨ।ਕੋਰਟ ਦੇ ਆਦੇਸ਼ ਉੱਤੇ ਬੁੱਧਵਾਰ ਨੂੰ ਪੇਸ਼ ਹੋਏ ਬੈਂਸ ਨੇ ਸੀਲਬੰਦ ਲਿਫ਼ਾਫ਼ੇ ਵਿੱਚ ਇਕ ਹੋਰ ਐਫੀਡੇਵਿਟਪੇਸ਼ ਕੀਤਾ, ਜਿਸ ਵਿਚ ਸਾਜ਼ਿਸ਼ ਬਾਰੇ ਹੋਰ ਜਾਣਕਾਰੀ ਵੀ ਦਿੱਤੀ ਗਈ। ਬੈਂਸ ਨੇ ਕਿਹਾ ਕਿ




ਉਨ੍ਹਾਂ ਕੋਲ ਫਿਕਸਰ ਕਾਰਪੋਰੇਟ ਲੌਬੀ ਦੇ ਸੀਸੀਟੀਵੀ ਫੁਟੇਜ ਹਨ, ਜਿਨ੍ਹਾਂ ਨੂੰ ਕੋਰਟ ਇਸ ਕੇਸ ਦੀ ਜਾਂਚ ਦੌਰਾਨ ਦੇਖ ਸਕਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਕੇਸ ਦੀ ਜੁਡੀਸ਼ਲ ਜਾਂਚ ਕਰਵਾਈ ਜਾਵੇ,ਕਿਉਂਕਿ ਸੀਬੀਆਈ ਉੱਤੇ ਸਿਆਸੀ ਹਥਿਆਰ ਬਣਨ ਦੇ ਦੋਸ਼ ਲੱਗਦੇ ਹਨ ਅਤੇ ਪੁਲਿਸ ਵੀ ਸਰਕਾਰ ਦੇ ਅਧੀਨ ਹੈ।

ਇਸ ਸੰਬੰਧ ਵਿੱਚ ਵਕੀਲ ਉਤਸਵ ਬੈਂਸ ਨੇ ਕਿਹਾ ਕਿ ਨਿਆਂ ਪਾਲਿਕਾ ਦੀ ਆਜ਼ਾਦੀ ਬਚਾਉਣ ਲਈ ਉਨ੍ਹਾਂ ਇਹ ਐਫੀਡੇਵਿਟਪੇਸ਼ ਕੀਤਾ ਹੈ। ਕੋਰਟ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਝੂਠੇ ਹਲਫ਼ਨਾਮੇ ਦਾ ਨਤੀਜਾ ਉਹ ਜਾਣਦੇ ਹੋਣਗੇ। ਬੈਂਸ ਨੇ ਕੋਰਟ ਨੂੰ ਕੁਝ ਸੂਚਨਾਵਾਂ ਦੀ ਰਾਜ਼ਦਾਰੀ ਬਾਰੇ ਪ੍ਰਿਵਲੇਜ ਦੀ ਮੰਗ ਕੀਤੀ, ਪਰ ਕੋਰਟ ਨੇ ਜ਼ਬਾਨੀ ਤੌਰ ਉੱਤੇ ਬੈਂਸ ਨੂੰ ਕਿਹਾ ਕਿ ਜੇ ਅਧਿਕਾਰੀ ਕਿਸੇ ਸੂਚਨਾ ਲਈ ਉਨ੍ਹਾਂ ਕੋਲ ਆਏ ਤਾਂ ਉਹ ਉਨ੍ਹਾਂ ਨੂੰ ਸੂਚਨਾ ਦੇਣਗੇ। ਸੁਣਵਾਈ ਕਰ ਰਹੇ ਜਸਟਿਸ ਅਰੁਣ ਮਿਸ਼ਰਾ, ਜਸਟਿਸ ਆਰ ਐੱਫ ਨਰੀਮਨ ਅਤੇ ਜਸਟਿਸ ਦੀਪਕ ਗੁਪਤਾ ਦੇ ਬੈਂਚ ਨੇ ਇਹ ਸਾਫ਼ ਕੀਤਾ ਕਿ ਕਾਰਪੋਰੇਟ ਫਿਕਸਿੰਗ ਦੇ ਦੋਸ਼ਾਂ ਦੀ ਸੁਣਵਾਈ, ਜਾਂਚ ਤੇ ਕੋਰਟ ਦੇ ਆਦੇਸ਼ ਦਾ ਚੀਫ ਜਸਟਿਸ ਉੱਤੇ ਲੱਗੇ ਦੋਸ਼ਾਂ ਦੀ ਜਾਂਚ ਕਰ ਰਹੀ ਕਮੇਟੀ ਦੀ ਕਾਰਵਾਈ ਉੱਤੇ ਅਸਰ ਨਹੀਂ ਪਵੇਗਾ,ਇਸ ਕੇਸ ਦਾ ਉਸ ਨਾਲ ਕੋਈ ਲੈਣਾ-ਦੇਣਾ ਨਹੀਂ।

ਕੋਰਟ ਨੇ ਉਤਸਵ ਬੈਂਸ ਦੇ ਐਫੀਡੇਵਿਟ ਵਿੱਚ ਲਾਏ ਦੋਸ਼ਾਂ ਨੂੰ ਗੰਭੀਰ ਦੱਸਦੇ ਹੋਏ ਕਿਹਾ ਕਿ ਜੇ ਦੋਸ਼ਾਂ ਮੁਤਾਬਕ ਫਿਕਸਿੰਗ ਜਾਰੀ ਰਹੀ ਅਤੇ ਨਿਆਂ ਪਾਲਿਕਾ ਦੇ ਕੰਮ ਵਿੱਚ ਦਖ਼ਲ ਦਿੰਦੀ ਰਹੀ ਤਾਂ ਨਾ ਇਹ ਸੰਸਥਾ ਬਚੇਗੀ ਤੇ ਨਾਅਸੀਂ ਸਾਰੇ ਬਚਾਂਗੇ। ਕੋਰਟ ਨੇ ਕਿਹਾ ਕਿ ਦੋਸ਼ਾਂ ਦੀ ਗੰਭੀਰਤਾ ਦੇਖਦੇ ਹੋਏ ਕੇਸਏਥੇ ਨਹੀਂ ਛੱਡਿਆ ਜਾ ਸਕਦਾ, ਪਰ ਜਾਂਚ ਦਾ ਆਦੇਸ਼ ਦੇਣ ਤੇ ਉਸ ਦਾ ਤੌਰ ਤਰੀਕਾ ਮਿਥਣਤੋਂ ਪਹਿਲਾਂ ਕੋਰਟ ਬੈਂਸ ਵੱਲੋਂ ਦਿੱਤੀ ਸੂਚਨਾ ਦੀ ਰਾਜ਼ਦਾਰੀ ਬਣਾਈ ਰੱਖਣ ਦੀ ਮੰਗ ਉੱਤੇ ਸੁਣਵਾਈ ਕਰੇਗੀ। ਕੋਰਟ ਨੇ ਸ਼ੁਰੂ ਦੀ ਸੁਣਵਾਈ ਅਤੇ ਬੈਂਸ ਵੱਲੋਂ ਪੇਸ਼ ਸਮੱਗਰੀ ਅਤੇ ਸਬੂਤ ਦੇਖਣ ਪਿੱਛੋਂ ਸੀਬੀਆਈ ਦੇ ਡਾਇਰੈਕਟਰ, ਆਈ ਬੀ ਦੇ ਡਾਇਰੈਕਟਰ ਤੇ ਦਿੱਲੀ ਪੁਲਿਸ ਦੇ ਕਮਿਸ਼ਨਰ ਨਾਲ ਚੈਂਬਰ ਵਿੱਚ ਚਰਚਾ ਵੀ ਕੀਤੀ ਅਤੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਦੋਸ਼ਾਂ ਬਾਰੇ ਪੇਸ਼ ਕੀਤੀ ਸਮੱਗਰੀ ਅਤੇ ਸਬੂਤ ਕਬਜ਼ੇ ਵਿੱਚ ਕਰ ਲੈਣ।ਸੁਣਵਾਈ ਮੌਕੇ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਐਫੀਡੇਵਿਟਪੇਸ਼ ਹੋਣਤੋਂ ਪਹਿਲਾਂ ਬੈਂਸ ਵੱਲੋਂ ਇਸੇ ਬਾਰੇ ਲਿਖੇ ਫੇਸਬੁੱਕ ਪੋਸਟ ਦਾ ਮੁੱਦਾ ਉਠਾ ਕੇ ਕੁਝ ਗੱਲ ਉੱਤੇਕਿੰਤੂ ਉਠਾਏ। ਇਸ ਦਾ ਬੈਂਸ ਨੇ ਵਿਰੋਧ ਕੀਤਾ, ਪਰ ਅਟਾਰਨੀ ਜਨਰਲ ਦੇ ਖ਼ਿਲਾਫ਼ ਬੈਂਸ ਦੇ ਬੋਲਣ ਉੱਤੇ ਬੈਂਚ ਨੇ ਉਨ੍ਹਾਂ ਨੂੰ ਏਦਾਂ ਕਰਨ ਤੋਂ ਰੋਕਿਆ ਤੇ ਕਿਹਾ ਕਿ ਇਹ ਸਭ ਤੋਂ ਮਿਆਰੀ ਤੇ ਸੀਨੀਅਰ ਵਕੀਲ ਹਨ, ਇਨ੍ਹਾਂ ਤੋਂਅਸੀਂ ਜੱਜ ਵੀ ਸਿੱਖਦੇ ਹਾਂ। ਤੁਸੀਂ ਇਨ੍ਹਾਂ ਲਈ ਏਦਾਂ ਦੇ ਸ਼ਬਦ ਨਹੀਂ ਵਰਤ ਸਕਦੇ। ਸਾਲਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਅਟਾਰਨੀ ਜਨਰਲ ਦੇ ਇਤਰਾਜ਼ਾਂ ਤੋਂ ਬਿਨਾਂ ਬਾਕੀ ਕੇਸ ਗੰਭੀਰ ਲੱਗਦਾ ਹੈ। ਕੋਰਟ ਨੂੰ ਆਪਣੀ ਨਿਗਰਾਨੀ ਵਿੱਚਇਸ ਮਾਮਲੇ ਦੀ ਐੱਸ ਆਈਟੀ ਜਾਂਚ ਦੇ ਆਦੇਸ਼ ਦੇਣੇ ਚਾਹੀਦੇ ਹਨ।

# ਚੋਣ ਕਮਿਸ਼ਨ ਨੇ ਕਿਹਾ: ਮੋਦੀ ਦੇ ਜੀਵਨ ਉੱਤੇ ਬਣੀ ਫਿਲਮ ਚੋਣਾਂ ਤੋਂ ਬਾਅਦ ਰਿਲੀਜ਼ ਹੋਣੀ ਚਾਹੀਦੀ ਹੈ

ਨਵੀਂ ਦਿੱਲੀ, 24 ਅਪਰੈਲ, (ਪੋਸਟ ਬਿਊਰੋ)- ਚੋਣ ਕਮਿਸ਼ਨ ਨੇ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੀਵਨ ਬਾਰੇ ਬਣੀ ਫਿਲਮ (ਬਾਇਓਪਿਕ) ਦੇ ਰਿਲੀਜ਼ ਉੱਤੇ ਪਾਬੰਦੀ ਲਾਉਣ ਦੇ ਫ਼ੈਸਲੇ ਨੂੰ ਜਾਇਜ਼ ਕਿਹਾ ਹੈ। ਸੁਪਰੀਮ ਕੋਰਟ ਨੂੰ ਸੌਂਪੀ ਰਿਪੋਰਟ ਵਿੱਚ ਕਮਿਸ਼ਨ ਨੇ ਕਿਹਾ ਕਿ ਇਹ ਫਿਲਮ ਚੋਣਾਂ ਤਕ ਰੋਕਣ ਦਾ ਉਸ ਦਾ ਫ਼ੈਸਲਾ ਸਹੀ ਹੈ।



ਇਸ ਬਾਰੇ ਪਤਾ ਲੱਗਾ ਹੈ ਕਿ ਚੋਣ ਕਮਿਸ਼ਨ ਨੇ ਬਾਇਓਪਿਕ 'ਪੀ ਐੱਮ ਨਰਿੰਦਰ ਮੋਦੀ' ਬਾਰੇਰਿਪੋਰਟਸੀਲਬੰਦ ਲਿਫ਼ਾਫ਼ੇ ਵਿੱਚਸੁਪਰੀਮ ਕੋਰਟ ਨੂੰ ਸੌਂਪੀ ਹੈ। ਕਮਿਸ਼ਨ ਦੇ ਸੂਤਰਾਂ ਮੁਤਾਬਕ ਐਕਟਰ ਵਿਵੇਕ ਓਬਰਾਏ ਦੀ ਮੁੱਖ ਭੂਮਿਕਾ ਵਾਲੀ ਇਸ ਫਿਲਮ ਉੱਤੇ ਇਹ ਰਿਪੋਰਟ ਸੋਮਵਾਰ ਸੁਪਰੀਮ ਕੋਰਟ ਨੂੰ ਪੁੱਜ ਗਈ ਸੀ।ਅਦਾਲਤ ਦੇ ਹੁਕਮ ਉੱਤੇ ਜਿਹੜੇ ਅਫਸਰਾਂ ਨੇ ਇਹ ਫਿਲਮ ਵੇਖੀ, ਉਨ੍ਹਾਂ ਦੀ ਰਾਏ ਹੈ ਕਿ ਮੌਜੂਦਾ ਚੋਣਾਂ ਵਿੱਚ ਇਹ ਰਿਲੀਜ਼ ਹੋਈ ਤਾਂ ਇਕ ਖ਼ਾਸ ਸਿਆਸੀ ਪਾਰਟੀ ਨੂੰ ਲਾਭ ਮਿਲੇਗਾ, ਇਸ ਲਈ ਬਾਇਓਪਿਕ ਨੂੰ 19 ਮਈ ਨੂੰ ਵੋਟਾਂ ਦੇ ਆਖਰੀ ਗੇੜ ਤੋਂ ਬਾਅਦ ਰਿਲੀਜ਼ ਕਰਨ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਜਾਇਜ਼ ਬਣਦਾ ਹੈ। ਇਸ ਰਿਪੋਰਟ ਉੱਤੇ ਸੁਪਰੀਮ ਕੋਰਟ ਸ਼ੁੱਕਰਵਾਰ ਨੂੰ ਵਿਚਾਰ ਕਰੇਗੀ।

ਸੁਪਰੀਮ ਕੋਰਟ ਵਿੱਚ ਕੇਸ ਦੀ ਸੁਣਵਾਈ ਕਰ ਰਹੇ ਬੈਂਚ ਨੇ ਕਮਿਸ਼ਨ ਨੂੰ ਆਪਣੀ ਰਿਪੋਰਟ ਫਿਲਮ ਨਿਰਮਾਤਾ ਨੂੰ ਦੇਣ ਦਾ ਨਿਰਦੇਸ਼ ਵੀ ਦੇ ਦਿੱਤਾ ਸੀ। ਫਿਲਮ ਨਿਰਮਾਤਾ ਨੇ ਚੋਣ ਕਮਿਸ਼ਨ ਵੱਲੋਂ ਲਾਈ ਪਾਬੰਦੀ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਕਮਿਸ਼ਨ ਨੇ ਇਸ ਉੱਤੇ ਰੋਕ ਲਾ ਕੇ ਕਿਹਾ ਸੀ ਕਿ ਚੋਣ ਜ਼ਾਬਤਾ ਲਾਗੂ ਹੋਣ ਪਿੱਛੋਂ ਏਦਾਂ ਦੀ ਫਿਲਮ ਦੇ ਰਿਲੀਜ਼ ਦੀ ਆਗਿਆਨਹੀਂ ਦਿੱਤੀ ਜਾ ਸਕਦੀ। ਫਿਲਮ ਨਿਰਮਾਤਾ ਨੇ ਕਮਿਸ਼ਨ ਦੇ ਫ਼ੈਸਲੇ ਨੂੰ ਜਾਇਜ਼ ਨਹੀਂ ਮੰਨਿਆ।

# ਕੈਪਟਨ ਦਾ ਦਬਕਾ: ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਜਿੱਤ ਕੇ ਅਕਾਲੀਆਂ ਨੂੰ ਮਾਂਜਾ ਫੇਰਾਂਗੇ


ਸੰਗਰੂਰ, 24 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਇਸ ਰਾਜ ਵਿਚ ਹਵਾ ਕਾਂਗਰਸ ਦੇ ਹੱਕ ਵਿਚ ਹੈ,ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਨੇ ਦੇਸ਼ ਦਾ ਬੁਰਾ ਹਾਲ ਕਰ ਦਿੱਤਾ ਹੈ, ਇਸ ਲਈ ਪੰਜਾਬ ਵਿੱਚ ਸਭ ਥਾਂਈਂ ਕਾਂਗਰਸੀ ਉਮੀਦਵਾਰ ਵੱਡੀ ਲੀਡ ਨਾਲ ਜਿੱਤਣਗੇ।



ਸੰਗਰੂਰ ਵਿਖੇ ਕਾਂਗਰਸ ਉਮੀਦਵਾਰ ਕੇਵਲ ਸਿੰਘ ਢਿੱਲੋਂ ਦੇ ਹੱਕ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਸੀਂ ਬਠਿੰਡਾ ਵਿੱਚ ਹਰਸਿਮਰਤ ਕੌਰ ਤੇ ਫ਼ਿਰੋਜ਼ਪੁਰਸੁਖਬੀਰ ਸਿੰਘ ਬਾਦਲ ਨੂੰ ਹਰਾ ਕੇ ਪੂਰੇ ਪੰਜਾਬ ਵਿਚ ਅਕਾਲੀ ਦਲ ਨੂੰ ਮਾਂਜਾ ਫੇਰਾਂਗੇ ਅਤੇ ਕਾਂਗਰਸ ਸਾਰੀਆਂ ਸੀਟਾਂ ਉੱਤੇ ਧੜੱਲੇਦਾਰ ਜਿੱਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੀਆਂ ਚੋਣਾਂ ਵੇਲੇ ਵੱਡੇ ਵਾਅਦੇ ਕੀਤੇ ਸਨ ਕਿ ਬਾਹਰਲੇ ਦੇਸ਼ਾਂ ਤੋਂ ਪੈਸਾ ਲਿਆ ਕੇ 15 ਲੱਖ ਰੁਪਏ ਹਰ ਪਰਵਾਰ ਦੇ ਖਾਤੇ ਵਿਚ ਪਾਉਣਗੇ, ਪਰਕਦੀ ਨਹੀਂ ਆਏ, ਮੋਦੀ ਝੂਠ ਹੀ ਬੋਲਦੇ ਰਹੇ। ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੇ 12 ਫ਼ੀਸਦੀ ਨੌਜਵਾਨ ਬੇਰੁਜ਼ਗਾਰ ਹਨ, ਮੋਦੀ ਸਰਕਾਰ ਨੇ ਉਨ੍ਹਾਂ ਵਾਸਤੇ ਕੁਝ ਨਹੀਂ ਕੀਤਾ ਅਤੇ ਜੀ ਐੱਸ ਟੀਅਤੇ ਨੋਟਬੰਦੀ ਲਾਗੂ ਕਰ ਕੇ ਦੇਸ਼ ਦਾ ਬੇੜਾ ਗਰਕ ਕਰ ਦਿਤਾ। ਉਨ੍ਹਾਂ ਕਿਹਾ ਕਿ ਅੱਜ ਦੇ ਅਕਾਲੀ ਪੁਰਾਣੇ ਅਕਾਲੀਆਂਵਾਂਗਨਹੀਂ, ਓਦੋਂ ਅਕਾਲੀ ਦਲ ਨੇ ਮੋਰਚੇ ਲਾ ਕੇ ਸ਼੍ਰੋਮਣੀ ਗੁਰਦ-ਆਰਾ ਪ੍ਰਬੰਧਕ ਕਮੇਟੀ ਬਣਵਾਈ ਤੇ ਸਾਰੀ ਜ਼ਿੰਦਗੀ ਅਸੂਲਾਂ ਨਾਲ ਕੱਟੀ ਸੀ, ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਤਬਾਹ ਕਰ ਦਿਤਾ ਹੈ।

ਇਸ ਮੌਕੇ ਮੁੱਖ ਮੰਤਰੀ ਦੇ ਨਾਲ ਮੰਤਰੀ ਵਿਜੈਇੰਦਰ ਸਿੰਗਲਾ ਤੇ ਰਜ਼ੀਆ ਸੁਲਤਾਨਾ, ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ, ਦਲਬੀਰ ਸਿੰਘ ਗੋਲਡੀ ਵਿਧਾਇਕ ਧੂਰੀ ਅਤੇ ਹੋਰ ਕਈ ਲੋਕ ਮੌਜੂਦ ਸਨ।

# ਓਨਟਾਰੀਓ ਦੀ ਕਾਟੇਜ ਕੰਟਰੀ ਦੇ ਟਾਊਨ ਵੱਲੋਂ ਹੜ੍ਹਾਂ ਕਾਰਨ ਐਮਰਜੰਸੀ ਦਾ ਐਲਾਨ



ਓਨਟਾਰੀਓ, 24 ਅਪਰੈਲ (ਪੋਸਟ ਬਿਊਰੋ) : ਸੈਂਟਰਲ ਓਨਟਾਰੀਓ ਦੀ ਕਾਟੇਜ ਕੰਟਰੀ ਦੇ ਐਨ ਵਿਚਕਾਰ ਸਥਿਤ ਟਾਊਨ ਵੱਲੋਂ ਤੇਜ਼ੀ ਨਾਲ ਵੱਧ ਰਹੇ ਪਾਣੀ ਦੇ ਪੱਧਰ ਤੇ ਹੜ੍ਹ ਆਉਣ ਦੀ ਸਥਿਤੀ ਦੇ ਮੱਦੇਨਜ਼ਰ ਸਟੇਟ ਆਫ ਐਮਰਜੰਸੀ ਐਲਾਨ ਦਿੱਤੀ ਗਈ ਹੈ।

ਮੰਗਲਵਾਰ ਨੂੰ ਮੇਅਰ ਗ੍ਰੇਅਡਨ ਸਮਿੱਥ ਨੇ ਐਲਾਨ ਕੀਤਾ ਕਿ ਬ੍ਰੇਸਬ੍ਰਿਜ ਟਾਊਨ, ਓਨਟਾਰੀਓ, ਜੋ ਕਿ ਟੋਰਾਂਟੋ ਤੋਂ ਦੋ ਘੰਟੇ ਦੀ ਦੂਰੀ ਉੱਤੇ ਸਥਿਤ ਹੈ, ਵਿੱਚ ਹਾਲਾਤ ਸੰਕਟ ਵਾਲੀ ਸਥਿਤੀ ਤੱਕ ਪਹੁੰਚ ਚੁੱਕੇ ਹਨ। ਟਾਊਨ ਵੱਲੋਂ ਦੱਸਿਆ ਗਿਆ ਕਿ ਉਸ ਵੱਲੋਂ ਆਪਣਾ ਐਮਰਜੰਸੀ ਪਲੈਨ ਐਕਟੀਵੇਟ ਕੀਤਾ ਜਾ ਰਿਹਾ ਹੈ। ਇਹ ਵੀ ਦੱਸਿਆ ਗਿਆ ਕਿ ਇਸ ਇਲਾਕੇ ਦੀਆਂ ਝੀਲਾਂ ਤੇ ਨਹਿਰਾਂ ਵਿੱਚ ਪਾਣੀ ਦਾ ਪੱਧਰ ਕਾਫੀ ਹੱਦ ਤੱਕ ਵੱਧ ਚੁੱਕਿਆ ਹੈ ਤੇ ਇਸ ਨਾਲ ਕਈ ਸੜਕਾਂ ਵੀ ਪਾਣੀ ਵਿੱਚ ਡੁੱਬ ਗਈਆਂ ਹਨ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨਾਲ ਇੱਕ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਸਮਿੱਥ ਨੇ ਆਖਿਆ ਕਿ ਐਮਰਜੰਸੀ ਪਰਸੋਨਲ ਸੱਭ ਤੋਂ ਵੱਧ ਮਾਰ ਵਾਲੇ ਸਪਰਿੰਗਡੇਲ ਇਲਾਕੇ ਵਿੱਚ ਲੋਕਾਂ ਦੇ ਘਰ ਘਰ ਜਾ ਕੇ ਉਨ੍ਹਾਂ ਨੂੰ ਇਹ ਥਾਂ ਖਾਲੀ ਕਰਨ ਲਈ ਆਖ ਰਹੇ ਹਨ। ਮੇਅਰ ਨੇ ਆਖਿਆ ਕਿ ਆਪਣੇ ਘਰ ਛੱਡਣ ਵਾਲੇ ਲੋਕ ਬ੍ਰੇਸਬ੍ਰਿਜ ਮੈਮੋਰੀਅਲ ਅਰੇਨਾ ਵਿੱਚ ਸ਼ਰਨ ਲੈ ਸਕਦੇ ਹਨ। ਬੁੱਧਵਾਰ ਸਵੇਰੇ ਟਾਊਨ ਦੇ ਅਧਿਕਾਰੀਆਂ ਨਾਲ ਮੁਲਾਕਾਤ ਸਮੇਂ ਫੋਰਡ ਨੇ ਵੀ ਕਮਿਊਨਿਟੀ ਨੂੰ ਪ੍ਰੋਵਿੰਸ ਵੱਲੋਂ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।

## ਪਾਕਿ ਅੱਤਵਾਦੀ ਨੇ ਮੀਡੀਆ ਨੂੰ ਕਿਹਾ:

# ਮੈਂ ਤਾਂ ਕਸ਼ਮੀਰ ਵਿੱਚ ਕਿਸੇ ਉੱਤੇ ਜ਼ੁਲਮ ਹੁੰਦਾ ਨਹੀਂ ਵੇਖਿਆ

ਸ੍ਰੀਨਗਰ, 24 ਅਪਰੈਲ, (ਪੋਸਟ ਬਿਊਰੋ)- ਕਸ਼ਮੀਰ ਵਿੱਚ ਫੜੇ ਗਏ ਲਸ਼ਕਰ ਦੇ ਖਤਰਨਾਕ ਅੱਤਵਾਦੀ ਨੇ ਪਾਕਿਸਤਾਨ ਪੱਖੀਆਂ ਵੱਲੋਂ ਭਾਰਤ ਦੇ ਖਿਲਾਫ ਕੀਤੇ ਜਾਂਦੇ ਭੰਡੀ ਪ੍ਰਚਾਰ ਦੀ ਪੋਲ ਖੋਲ੍ਹ ਦਿੱਤੀ ਹੈ। ਦੋ ਦਿਨ ਪਹਿਲਾਂ ਫੜੇ ਅੱਤਵਾਦੀ ਛੋਟਾ ਦੁਜਾਨਾ ਨੇ ਅੱਜ ਮੀਡੀਆ ਕੋਲ ਇਸ ਗ਼ਲਤ ਪ੍ਰਚਾਰ ਦਾ ਪਰਦਾਫਾਸ਼ ਕੀਤਾ ਤੇ ਦੱਸਿਆ ਕਿ ਕਿਵੇਂ ਬਾਹਰੀ ਨੌਜਵਾਨਾਂ ਨੂੰ ਭਾਰਤੀ ਫ਼ੌਜ ਦੇ ਜ਼ੁਲਮ ਦੇ ਨਾਂ ਉੱਤੇ ਭੜਕਾਇਆ ਜਾਂਦਾ ਹੈ ਤੇ ਉਹਵੀ ਇਸੇ ਪ੍ਰਚਾਰ ਵਿੱਚ ਫਸ ਕੇ ਅੱਤਵਾਦੀ ਬਣ ਕੇ ਭਾਰਤ ਦੇ ਖਿਲਾਫ ਜਹਾਦ ਦੀ ਲੜਾਈ ਲੜਨ ਆਇਆ ਸੀ।

ਲਸ਼ਕਰ-ਏ-ਤੋਇਬਾ ਦਾ ਇਹ ਪਾਕਿਸਤਾਨੀ ਅੱਤਵਾਦੀ ਮੁਹੰਮਦ ਵੱਕਾਰ ਉਰਫ਼ ਆਕਿਬ ਉਰਫ਼ ਛੋਟਾ ਦੁਜਾਨਾ ਦੋ ਦਿਨ ਪਹਿਲਾਂ ਉੱਤਰੀ ਕਸ਼ਮੀਰ ਤੋਂ ਫੜਿਆ ਗਿਆ ਸੀ। ਅੱਜ ਬੁੱਧਵਾਰ ਸ੍ਰੀਨਗਰ ਵਿਚ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦਿਆਂ 27 ਸਾਲਾ ਛੋਟਾ ਦੁਜਾਨਾ ਨੇ ਕਿਹਾ ਕਿ ਇਹ ਗ਼ਲਤ ਪ੍ਰਚਾਰ ਹੈ ਕਿ ਕਸ਼ਮੀਰ ਵਿਚ ਭਾਰਤ ਦੇ ਫ਼ੌਜੀ ਔਰਤਾਂ ਨਾਲ ਜ਼ਿਆਦਤੀਆਂ ਕਰਦੇ ਹਨ, ਇਹੋ ਸੁਣ ਕੇ ਮੈਂ ਜਹਾਦ ਕਰਨ ਆਇਆ ਸੀ, ਪਰ ਕਸ਼ਮੀਰ ਵਾਦੀ ਵਿੱਚ ਪੌਣੇ ਦੋ ਸਾਲਾਂ ਵਿੱਚ ਮੈਂ ਏਥੇ ਨਾ ਫ਼ੌਜ ਨੂੰ ਮੁਸਲਮਾਨ ਦਾ ਘਰ ਡੇਗਦੇ ਤੇ ਨਾ ਕਿਸੇ ਔਰਤ ਉੱਤੇ ਜ਼ੁਲਮ ਕਰਦੇ ਵੇਖਿਆ ਹੈ। ਵਰਨਣ ਯੋਗ ਹੈ ਕਿ ਵੱਕਾਰ ਦਾ ਫੜਿਆ ਜਾਣਾ ਸੁਰੱਖਿਆ ਬਲਾਂ ਲਈ ਖਾਸ ਹੈ,ਕਿਉਂਕਿ ਉਹ ਲਸ਼ਕਰ ਦੇ ਕਮਾਂਡਰ ਤੇ ਮੁੰਬਈ ਹਮਲੇ ਦੇ ਮਾਸਟਰਮਾਈਂਡ ਜਕੀ-ਉਰ-ਰਹਿਮਾਨ ਲੱਖਵੀ ਦੇ ਘਰ ਰਹਿ ਚੁੱਕਾ ਹੈ। ਵੱਕਾਰ ਨੇ ਕਿਹਾ ਕਿ ਮੈਨੂੰ ਦੱਸਿਆ ਗਿਆ ਸੀ ਕਿ ਕਸ਼ਮੀਰ ਵਿੱਚ ਮੁਸਲਮਾਨਾਂ ਉੱਤੇ ਬੜਾ ਜ਼ੁਲਮ ਹੁੰਦਾ ਤੇ ਮਸਜਿਦਾਂ ਵਿੱਚ ਨਮਾਜ਼ ਨਹੀਂ ਪੜ੍ਹਨ ਦਿੱਤੀ ਜਾਂਦੀ ਤੇ ਭਾਰਤੀ ਫ਼ੌਜੀ ਕਸ਼ਮੀਰੀਆਂ ਉੱਤੇ ਜ਼ੁਲਮ ਕਰਦੇ ਹਨ। ਮੈਂ ਚਾਰ ਮਹੀਨੇ ਮੁਜ਼ਫਰਾਬਾਦ ਵਿੱਚ ਹਥਿਆਰ ਚਲਾਉਣ ਦੀ ਟ੍ਰੇਨਿੰਗ ਲਈ ਅਤੇ ਉਸ ਪਿੱਛੋਂਕਸ਼ਮੀਰ ਆਇਆ ਸੀ। ਪਾਕਿਸਤਾਨੀ ਪੰਜਾਬ ਦੇ ਮੀਆਂ ਮੁਹ-ੱਲਾ, ਨਈ ਅਬਾਦੀ ਮੀਆਂਵਾਲੀ ਦੇ ਰਹਿਣ ਵਾਲੇ ਵੱਕਾਰ ਨੇ ਦੱਸਿਆ ਕਿ ਉਹ ਜੁਲਾਈ 2017 ਵਿੱਚ ਕਸ਼ਮੀਰ ਆਇਆ ਸੀ ਤੇ ਓਦੋਂਤੋਂਏਥੇ ਹੈ, ਪਰ ਕਿਸੇ ਵੀ ਅੱਤਵਾਦੀ ਕਾਰਵਾਈ ਵਿੱਚ ਹਿੱਸਾ ਲੈਣ ਦੇ ਸੰਬੰਧ ਵਿੱਚਉਸ ਨੇ ਇਨਕਾਰ ਕੀਤਾ।

# ਸੁੱਚਾ ਸਿੰਘ ਲੰਗਾਹ ਵਿਰੁੱਧ ਨਵੀਂ ਸ਼ਿਕਾਇਤ ਅਕਾਲ ਤਖਤ ਪੁੱਜੀ

ਅੰਮ੍ਰਿਤਸਰ, 24 ਅਪਰੈਲ, (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਵੱਲੋਂ ਖਾਲਸਾ ਪੰਥ ਵਿੱਚੋਂ ਛੇਕੇ ਸੁੱਚਾ ਸਿੰਘ ਲੰਗਾਹ ਦੇ ਖ਼ਿਲਾਫ਼ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅੱਜ ਸਕੱਤਰੇਤ ਵਿਖੇ ਮੈਨੇਜਰ ਜਸਪਾਲ ਸਿੰਘ ਨੂੰ ਦਿੱਤਾ ਗਿਆ।ਇਸ ਪੱਤਰ ਨਾਲ ਸਤਬੀਰ ਸਿੰਘ ਅਤੇ ਗੁਰਦਾਸਪੁਰ ਦੀਆਂ ਸੰਗਤਾਂ ਨੇ ਜਥੇਦਾਰ ਨੂੰ ਬੇਨਤੀ ਕੀਤੀ ਕਿ ਕੁਝ ਸਮਾਂ ਪਹਿਲਾਂ ਅਕਾਲ ਤਖਤ ਸਾਹਿਬ ਵੱਲੋਂ ਸੁੱਚਾ ਸਿੰਘ ਲੰਗਾਹ ਨੂੰ ਸਿੱਖ ਪੰਥ ਤੋਂ ਛੇਕਿਆ ਗਿਆ ਅਤੇ ਉਸ ਉੱਤੇ ਹਰ ਤਰ੍ਹਾਂ ਦੇ ਧਾਰਮਿਕ, ਸਮਾਜਿਕ ਕਾਰਜਾਂ ਉਪਰ ਰੋਕ ਲਾਈ ਗਈ ਸੀ, ਇਸ ਦੇ ਬਾਵਜੂਦ ਉਹ ਧਾਰਮਿਕ, ਸਮਾਜਿਕ ਅਤੇ ਸਿਆਸੀ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਦਿਖਾਈ ਦੇ ਰਿਹਾ ਹੈ।



ਗੁਰਦਾਸਪੁਰ ਜ਼ਿਲੇ ਦੇਪਿੰਡ ਖੋਦੇ ਬੇਟ ਵਿੱ-ਚਹਰਪਾਲ ਸਿੰਘ ਦੀ ਮਾਤਾ ਦੀ ਅਰਦਾਸ ਮੌਕੇ ਸੁੱਚਾ ਸਿੰਘ ਲੰਗਾਹ ਆਪਣੇ 15-20 ਸਾਥੀਆਂ ਨਾਲ ਗੁਰਦੁਆਰਾ ਸਾਹਿਬ ਚਲਾ ਗਿਆ, ਇਸ ਦੇ ਆਉਣ ਉੱਤੇ ਢਾਡੀ ਖੜਕ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਦਰਮਿਆਨ ਪੰਥ ਦੀ ਬਹੁਤ ਸਤਿਕਾਰਯੋਗ ਸ਼ਖ਼ਸੀਅਤ ਪਹੁੰਚੀ ਹੈ,ਅਸੀਂ ਇਨ੍ਹਾਂ ਨੂੰ ਜੀ ਆਇਆਂ ਆਖਦੇ ਹਾਂ। ਛੇਕੇ ਹੋਏ ਵਿਅਕਤੀ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਹ ਕਹਿਣਾ ਮਨਮਤਿ ਦੇ ਨਾਲ ਗੁਰਮਰਿਆਦਾ ਤੇ ਸਿੱਖ ਪ੍ਰੰਪਰਾਵਾਂ ਦਾ ਘਾਣ ਹੈ।ਇਸ ਸਮਾਗਮ ਵਿਚ ਇੰਦਰਜੀਤ ਸਿੰਘ ਰੰਧਾਵਾ ਮੀਤ ਪ੍ਰਧਾਨ ਅਕਾਲੀ ਦਲ ਤੇ ਅਮਰੀਕ ਸਿੰਘ ਸ਼ਾਹਪੁਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਤੋਂਹਾਜ਼ਰ ਸਨ, ਜੋ ਰੋਸ ਵਜੋਂ ਉਠ ਕੇ ਚਲੇ ਗਏ। ਸ਼ਿਕਾਇਤ ਕਰਤਾ ਨੇ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਪੰਥ ਵਿਚੋਂ ਛੇਕੇ ਹੋਏ ਵਿਅਕਤੀ ਨਾਲ ਸਾਂਝ ਬਣਾ ਕੇ ਸ੍ਰੀ ਅਕਾਲ ਤਖਤ ਦੀ ਹਸਤੀ ਨੂੰ ਇਹ ਲੋਕ ਚੁਣੌਤੀ ਦੇ ਰਹੇ ਹਨ। ਦੂਜੇ ਪਾਸੇ ਸੁੱਚਾ ਸਿੰਘ ਲੰਗਾਹ ਦੇ ਸਾਥੀ ਕਹਿੰਦੇ ਹਨ ਕਿ ਲੰਗਾਹ ਨੇ ਆਪਣੇ ਨਿਰਦੋਸ਼ ਹੋਣ ਬਾਰੇ ਅਕਾਲ ਤਖਤ ਨੂੰ ਪਹੁੰਚ ਕੀਤੀ ਹੈ, ਇਸੇ ਲਈ ਉਹ ਸੰਗਤ ਵਿੱਚ ਜਾਂਦੇ ਹਨ। ਇਸ ਬਾਰੇ ਅਕਾਲ ਤਖਤ ਨੂੰ ਸੰਗਤ ਨੂੰ ਸਥਿਤੀ ਸਾਫ ਕਰਨੀ ਚਾਹੀਦੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਪੰਥ ਵੱਲੋਂ ਅਕਾਲ ਤਖ਼ਤ ਤੋਂ ਛੇਕੇ ਵਿਅਕਤੀਆਂ ਨਾਲ ਮਿਲਵਰਤਨ ਰੱਖਣਾ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਉਲੰਘਣਾ ਹੈ, ਇਸ ਤੋਂਸੰਗਤ ਨੂੰ ਪ੍ਰਹੇਜ਼ ਕਰਨਾ ਚਾਹੀਦਾ ਹੈ ਤਾਂ ਜੋ ਅਕਾਲ ਤਖ਼ਤ ਦੀ ਮਰਿਆਦਾ ਕਾਇਮ ਰਹਿ ਸਕੇ। ਉਨ੍ਹਾਂ ਨੇ ਢਾਡੀ ਖੜਕ ਸਿੰਘ ਨੂੰ ਦਸ ਦਿਨ੍ਹਾਂ ਵਿਚ ਸਪਸ਼ਟੀਕਰਨ ਦੇਣ ਲਈ ਵੀ ਕਿਹਾ ਹੈ।








Paramjit Deol Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**TORONTO $6.99/Sq Ft**



**22 Arrow Rd 1:** Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

**Chatham-Kent $85,000**



**2 Chittim Rd 408 :** Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

**TORONTO $140,000**



**45 Four Winds Dr :** Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

**BRAMPTON $169,900**

Photo Not Available

**537 Van Kirk Dr 110 :** Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

**BRAMPTON $195,900**

Photo Not Available

**2070 Steeles Ave 18:** Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

**BRAMPTON $199,900**

Photo Not Available

**8770 The Gore Rd 6 :** Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

**BRAMPTON $199,000**




**25 Cherrycrest Dr:** Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

**BRAMPTON $369,000**



**15 Brisdale Dr 7&8 :** ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

**TORONTO $309,000**




**320 Dixon Rd 1715:** Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

**BRAMPTON $349,000**

SUBWAY eat fresh.

**3024 Hurontario St G7 :** Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

**BRAMPTON $449,000**



**315 Royal West Dr F & G :** Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

**MISSISSAUGA $469,000**

Photo Not Available

**349 Rathburn Rd W 1601:** First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

**BRAMPTON $469,000**

Photo Not Available

**537 Van Kirk Dr 110:** For sale Please call 905-405-8484

**BRANTFORD $525,000**



**118&120 Morrell St:** Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

**MISSISSAUGA $629,000**

Photo Not Available

**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $779,000**



**9 Loftsmoor Dr:** Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019



14 ਅਪ੍ਰੈਲ ਨੂੰ "ਸੂਦਰਾਂ ਤੋਂ ਖਾਲਸਾ-ਗੁਲਾਮੀ ਤੋਂ ਆਜਾਦੀ", ਇੱਕ ਵਿਚਾਰ ਚਰਚਾ ਤਹਿਤ, ਸਾਝੇ ਤੌਰ ਤੇ, ਬਾਬਾ ਸਾਹਬ ਡਾਕਟਰ ਭੀਮ ਰਾਉ ਅੰਬੇਡਕਰ ਜੀ ਦੇ 128ਵੇਂ ਜਨਮ ਦਿਨ ਅਤੇ 320ਵਾਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਮੁੱਖ ਬੁਲਾਰਿਆਂ ਵਿੱਚ ਦਿਲਬਾਗ ਸਿੰਘ ਜੀ ਯੂ ਐਸ ਏ, ਨਾਹਰ ਔਜਲਾ, ਇੰਦਰਜੀਤ ਸਿੰਘ ਜਗਰਾਉਂ, ਬਲਕਰਨ ਸਿੰਘ ਅਤੇ ਸਕੂਲ ਟਰੱਸਟੀ ਬਲਬੀਰ ਕੌਰ ਸੋਹੀ ਉਚੇਚੇ ਤੌਰ 'ਤੇ ਪਹੁੰਚੇ। (ਰਿਪੋਰਟ:ਦੇਵ ਝੱਮਟ)





ਬਰੈਂਪਟਨ ਸੈਂਟਰ ਤੋਂ ਮੈਂਬਰ ਪਾਰਲੀਮੈਂਟ ਰਮੇਸ਼ ਸੰਘਾ ਨੇਂ ਬਰੈਮਲੀ ਯੂਨਾਈਟੇਡ ਚਰਚ ਵਿੱਚ, ਪਾਸਟਰ ਜੇਮੀ ਹਾਲਟਮ, ਡੈਬੀ ਥਾਮਸਨ ਅਤੇ ਚਰਚ ਮੈਂਬਰਾਂ ਦੇ ਨਾਲ ਈਸਾਈਆਂ ਦੇ ਤਿਉਹਾਰ ਈਸਟਰ (ਪ੍ਰਭੂ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ) ਦੀਆਂ ਖੁਸ਼ੀਆਂ ਮਨਾਈਆਂ। (ਰਿਪੋਰਟ:ਦੇਵ ਝੱਮਟ)









20 ਅਪ੍ਰੈਲ ਨੂੰ ਈਰੋਸ ਕਨਵੈਨਸ਼ਨ ਸੈਂਟਰ ਮਿਸੀਸਾਗਾ ਵਿਖੇ ਭਾਰਤੀ ਸਵਿੰਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਉ ਅੰਬੇਡਕਰ ਜੀ ਦੀ 128ਵੀਂ ਜਨਮ ਸ਼ਤਾਬਦੀ ਬੜੀ ਧੂਮ-ਧਾਮ ਨਾਲ ਮਨਾਈ ਗਈ ਜਿਸ ਵਿੱਚ ਬਰੈਂਮਟਨ ਸੈਂਟਰ ਤੋਂ ਮੈਂਬਰ ਪਾਰਲੀਮੈਂਟ ਰਮੇਸ਼ ਸੰਘਾ ਅਤੇ ਪ੍ਰੋਫੈਸਰ ਮਿਸ ਤਾਨੀਆ ਦਾਸ ਗੁਪਤਾ(ਯੌਰਕ ਯੂਨੀਵਰਸਿਟੀ) ਨੇਂ ਮੁੱਖ ਸਪੀਕਰ ਵਜੋਂ ਇਸ ਖੁਸ਼ੀ ਦੇ ਦਿਹਾੜੇ ਉਪਰ ਸ਼ਮੂਲੀਅਤ ਕਰਕੇ ਖੁਸ਼ੀਆਂ ਮਨਾਈਆਂ।ਇਸ ਪ੍ਰੋਗਰਾਮ ਦਾ ਆਯੋਜਨ ਡਾਕਟਰ ਅੰਬੇਡਕਰ ਜੀ ਦੀ 128ਵੀਂ ਜਨਮ ਸ਼ਤਾਬਦੀ ਸੈਲੀਬਰੇਸ਼ਨ ਕਮੇਟੀ ਵਲੋਂ ਕੀਤਾ ਗਿਆ ਜਿਹਨਾ ਵਿਚ ਪ੍ਰੌਫੈਸਰ ਅਰੂਨ ਗੌਤਮ, ਬ੍ਰਹਮ ਦੱਤ, ਦਿਨੇਸ਼ ਲੱਧੜ, ਜਸਵਿੰਦਰ ਸਿੰਘ, ਮਨਜੀਤ ਸਿੰਘ, ਹਰਮੇਸ਼ ਸਿੰਘ, ਅਜੀਤ ਲੀਅਰ, ਪਿਆਰਾ ਰਾਹੁਲ ਅਤੇ ਮਲਕੀਤ ਹੀਰ ਦੇ ਨਾਂ ਵਰਨਣਯੋਗ ਹਨ।

(ਰਿਪੋਰਟ:ਦੇਵ ਝੱਮਟ)

# ਫ਼ੈੱਡਰਲ ਨੁਮਾਂਇੰਦਿਆਂ ਨੇ ਫ਼ੋਰਡ ਸਰਕਾਰ ਨੂੰ ਸ਼ੈਰੀਡਨ ਕਾਲਜ ਦੇ ਟਰਾਂਜ਼ਿਟ ਪਾਸ ਬਹਾਲ ਕਰਨ ਲਈ ਕਿਹਾ

ਬਰੈਂਪਟਨ, -ਫ਼ੈੱਡਰਲ ਸਰਕਾਰ ਦੇ ਨੁਮਾਂਇੰਦਿਆਂ ਓਕਵਿਲ ਨੌਰਥ ਬਰਲਿੰਘਟਨ ਦੇ ਐੱਮ.ਪੀ. ਪੈਮ ਡਾਮੌਫ਼, ਮਿਸੀਸਾਗਾ ਸੈਂਟਰ ਦੇ ਐੱਮ.ਪੀ. ਓਮਰ ਅਲਗ਼ਬਰਾ ਅਤੇ ਬਰੈਂਪਟਨ ਸਾਊਥ ਦੀ ਐੱਮ.ਪੀ. ਸੋਨੀਆ ਸਿੱਧੂ ਨੇ ਇਕ ਸਾਂਝੇ ਬਿਆਨ ਵਿਚ ਫ਼ੋਰਡ ਸਰਕਾਰ ਨੂੰ ਸ਼ੈਰੀਡਨ ਕਾਲਜ ਦੇ ਵਿਦਿਆਰਥੀਆਂ ਦੇ ਟਰਾਂਜ਼ਿਟ ਪਾਸ ਮੁੜ ਬਹਾਲ ਕਰਨ ਲਈ ਕਿਹਾ ਹੈ।

ਸ਼ੈਰੀਡਨ ਕਾਲਜ ਸੰਸਾਰ ਪੱਧਰ ਦੀ ਜਾਣੀ-ਪਛਾਣੀ ਵਿੱਦਿਅਕ ਸੰਸਥਾ ਹੈ ਅਤੇ ਇਸ ਦੇ ਵਿਦਿਆਰਥੀ ਓਕਵਿਲ, ਮਿਸੀਸਾਗਾ ਤੇ ਬਰੈਂਪਟਨ ਵਿਚ ਵਿਚਰ ਰਹੀਆਂ ਸਾਡੀਆਂ ਕਮਿਊਨਿਟੀਆਂ ਦਾ ਮਹੱਤਵ-ਪੂਰਨ ਅੰਗ ਹਨ। ਅਸੀਂ ਭਲੀ-ਭਾਂਤ ਜਾਣਦੇ ਹਾਂ ਕਿ ਸ਼ੈਰੀਡਨ ਕਾਲਜ ਵਰਗੀਆਂ ਸੰਸਥਾਵਾਂ ਦੇ ਵਿਦਿਆਰਥੀ ਸਾਡੇ ਓਨਟਾਰੀਓ ਪ੍ਰੋਵਿੰਸ ਦਾ ਭਵਿੱਖ ਹਨ। ਸਾਨੂੰ ਉਨ੍ਹਾਂ ਦੀ ਪੜ੍ਹਾਈ ਵਿਚ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਕਾਲਜ ਆਉਣ-ਜਾਣ ਵਿਚ ਕੋਈ ਮੁਸ਼ਕਲ ਨਹੀਂ ਖੜੀ ਕਰਨੀ ਚਾਹੀਦੀ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਪਸ਼ਨਲ ਸਟੂਡੈਂਟਸ ਫ਼ੀਸ ਸਬੰਧੀ ਬਣਾਈਆਂ ਗਈਆਂ ਪਾਲਸੀਆਂ ਸ਼ੈਰੀਡਨ ਕਾਲਜ ਦੇ ਵਿਦਿਆਰਥੀਆਂ ਦੇ ਪਬਲਿਕ ਟਰਾਂਜ਼ਿਟ ਪਾਸ ਖ਼ਤਮ ਕਰ ਰਹੀਆਂ ਹਨ, ਜਦਕਿ ਇਸ ਮੰਤਵ ਲਈ ਪਿਛਲੇ ਸਾਲ ਹੋਈ ਚੋਣ ਵਿਚ ਇਸ ਕਾਲਜ ਦੇ ਤਿੰਨਾਂ ਹੀ ਕੈਂਪਸਾਂ ਦੇ ਵਿਦਿਆਰਥੀਆਂ ਵੱਲੋਂ ਭਾਰੀ ਗਿਣਤੀ ਵਿਚ ਯੂ-ਪਾਸ ਦੇ ਹੱਕ ਵਿਚ ਵੋਟਾਂ ਪਾਈਆਂ ਗਈਆਂ ਹਨ। ਓਨਟਾਰੀਓ ਦੀ ਸਰਕਾਰ ਉਨ੍ਹਾਂ ਦੀ ਆਵਾਜ਼ ਨੂੰ ਨਜ਼ਰ-ਅੰਦਾਜ਼ ਕਰ ਰਹੀ ਹੈ ਅਤੇ ਨੌਜੁਆਨਾਂ ਨੂੰ ਮਿਲਣ ਵਾਲੀ ਇਸ ਸਹੂਲਤ ਦੇ ਭਵਿੱਖ ਤੋਂ ਵਾਂਝਾ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਇਸ ਨੂੰ ਬਰੌਕ ਯੂਨੀਵਰਸਿਟੀ ਅਤੇ ਵੈੱਸਟਰਨ ਯੂਨੀਵਰਸਿਟੀ ਵਰਗੇ ਪੋਸਟ-ਸੈਕੰਡਰੀ ਅਦਾਰਿਆਂ ਲਈ ਇਨ੍ਹਾਂ ਦੀਆਂ ਲੋੜੀਂਦੀਆਂ ਫ਼ੀਸਾਂ ਦੇ ਨਾਲ ਟਰਾਂਜ਼ਿਟ ਪਾਸਾਂ ਦੀ ਸਹੂਲਤ ਲਈ ਆਗਿਆ ਦੇ ਰਹੀ ਹੈ।

ਸਾਨੂੰ ਸਾਰੇ ਓਨਟਾਰੀਓ-ਵਾਸੀਆਂ ਅਤੇ ਕੈਨੇਡੀਅਨਾਂ ਦੇ ਲਈ ਅਰਥਚਾਰੇ ਦੇ ਵਿਕਾਸ ਲਈ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ ਅਤੇ ਇਹ ਸਾਡੇ ਕਾਲਜਾਂ, ਯੂਨੀਵਰਸਿਟੀਆਂ ਤੇ ਵੱਖ-ਵੱਖ ਟਰੇਡ ਪ੍ਰੋਗਰਾਮਾਂ ਦੇ ਟੇਲੈਂਟ-ਭਰਪੂਰ ਵਿਦਿਆਰਥੀਆਂ ਤੋਂ ਬਿਨਾਂ ਸੰਭਵ ਨਹੀਂ ਹੈ। ਪੋਸਟ ਸੈਕੰਡਰੀ ਪੜ੍ਹਾਈ ਅਤੇ ਟ੍ਰੇਨਿੰਗ ਪ੍ਰੋਗਰਾਮਾਂ ਲਈ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਕਰਨ ਦੀ ਜ਼ਰੂਰਤ ਹੈ ਤਾਂ ਜੋ ਉਹ ਕਰਜ਼ੇ ਦੇ ਬੋਝ ਹੇਠਾਂ ਨਾ ਆ ਜਾਣ। ਅਸੀਂ ਜਾਣਦੇ ਹਾਂ ਕਿ ਵਿਦਿਆਰਥੀਆਂ ਲਈ ਉਨ੍ਹਾਂ ਦੀ ਵਿੱਤੀ ਸਮਰੱਥਾ ਅਨੁਸਾਰ ਯਥਾਯੋਗ ਆਵਾਜਾਈ ਦੀ ਅਤਿਅੰਤ ਲੋੜ ਹੈ। ਜੇਕਰ ਉਨ੍ਹਾਂ ਨੂੰ ਆਪੋ ਆਪਣੇ ਵਾਹਨਾਂ 'ਤੇ ਆਉਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ ਤਾਂ ਇਸ ਦੇ ਨਾਲ ਜੀਟੀਏ ਦੀਆਂ ਪਹਿਲਾਂ ਹੀ ਟਰੈਫ਼ਿਕ ਨਾਲ ਭਰਪੂਰ ਸੜਕਾਂ ਉੱਪਰ ਹੋਰ ਵਧੇਰੇ ਭੀੜ ਹੋ ਜਾਏਗੀ।

ਉਨ੍ਹਾਂ ਹੋਰ ਕਿਹਾ ਕਿ ਸੂਬਾ ਸਰਕਾਰ ਦੀ ਸੋਚ ਦੇ ਉਲਟ ਸਾਡੀ ਫ਼ੈੱਡਰਲ ਸਰਕਾਰ ਮਿਉਂਨਿਸਿਪਲਿਟਿਆਂ ਨਾਲ ਪਬਲਿਕ ਟਰਾਂਜ਼ਿਟ ਸਬੰਧੀ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਉਹ ਸਾਡੀਆਂ ਕਮਿਊਨਿਟੀਆਂ ਲਈ ਪਬਲਿਕ ਆਵਾਜਾਈ ਨੂੰ ਹੋਰ ਵਧਾਉਣ ਲਈ ਲਗਾਤਾਰ ਪੂੰਜੀ ਨਿਵੇਸ਼ ਕਰ ਰਹੀ ਹੈ, ਜਦਕਿ ਸੂਬਾ ਸਰਕਾਰ ਆਪਣੀ ਇਸ ਪਬਲਿਕ ਜ਼ਿੰਮੇਂਵਾਰੀ ਤੋਂ ਪਾਸਾ ਵੱਟ ਰਹੀ ਹੈ। ਯੂ-ਪਾਸਾਂ ਨਾਲ ਸਥਾਨਿਕ ਆਵਾਜਾਈ ਨੂੰ ਆਸਾਨ ਕਰਕੇ ਸੜਕਾਂ ਉੱਪਰ ਟਰੈਫ਼ਿਕ-ਜਾਮਾਂ ਦੀ ਸਮੱਸਿਆ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇ ਨਾਲ ਹੀ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਵੀ ਕੀਤੀ ਜਾ ਸਕਦੀ ਹੈ।

ਅਸੀਂ ਵਿਦਿਆਰਥੀਆਂ ਲਈ ਇਸ ਯਥਾਯੋਗ ਵਿੱਤੀ ਸਹੂਲਤ ਨੂੰ ਜਾਰੀ ਰੱਖਣ ਲਈ ਆਪਣੇ ਸਥਾਨਿਕ ਐੱਮ.ਪੀ.ਪੀਜ਼. ਨੂੰ ਇਸ ਦੇ ਲਈ ਲੜਨ ਲਈ ਬੇਨਤੀ ਕਰਦੇ ਹਾਂ। 'ਆਪਸ਼ਨਲ-ਓਨਲੀ ਫ਼ੀਸ' ਵਾਲੇ ਵਿਦਿਆਰਥੀਆਂ ਲਈ ਟਰਾਂਜ਼ਿਟ ਨੈੱਟਵਰਕ ਚਲਾਉਣਾ ਸੰਭਵ ਨਹੀਂ ਹੈ, ਜਿਹਾ ਕਿ ਸੂਬਾ ਸਰਕਾਰ ਮੌਜੂਦਾ ਟਰਾਂਜ਼ਿਟ ਸਿਸਟਮ ਪਾਸਾਂ ਦੇ ਬਦਲ ਵਜੋਂ ਸੋਚ ਰਹੀ ਹੈ, ਪ੍ਰੰਤੂ ਸ਼ੈਰੀਡਨ ਕਾਲਜ ਦੇ ਯੂ-ਪਾਸਾਂ ਵੱਲ ਧਿਆਨ ਨਹੀਂ ਦੇ ਰਹੀ ਹੈ। ਅਸੀਂ ਸ਼ੈਰੀਡਨ ਕਾਲਜ ਦੇ ਤਿੰਨਾਂ ਹੀ ਕੈਂਪਸਾਂ ਦੇ ਸਮੂਹ ਵਿਦਿਆਰਥੀਆਂ ਜਿਨ੍ਹਾਂ ਨੇ ਯੂ-ਪਾਸਾਂ ਦੇ ਹੱਕ ਵਿਚ ਵੋਟ ਦਿੱਤੀ ਹੈ, ਨੂੰ ਇਹ ਕਹਿਣਾ ਚਾਹੁੰਦੇ ਹਾਂ ਕਿ ਉਹ ਆਪਣੇ ਪ੍ਰੋਵਿੰਸ਼ੀਅਲ ਐੱਮ.ਪੀ.ਪੀਜ਼. ਨੂੰ ਸੰਪਰਕ ਕਰਨ ਅਤੇ ਉਨ੍ਹਾਂ ਨੂੰ ਸ਼ੈਰੀਡਨ ਕਾਲਜ ਦੇ ਵਿਦਿਆਰਥੀਆਂ ਦੇ ਹੱਕ ਵਿਚ ਖੜਨ ਲਈ ਕਹਿਣ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਯੂ-ਪਾਸ ਵਿਦਿਆਰਥੀ ਟਰਾਂਜ਼ਿਟ ਕਾਰਡ ਹੈ ਜੋ ਕਿ ਸ਼ੈਰੀਡਨ ਕਾਲਜ ਦੇ ਯੋਗ ਵਿਦਿਆਰਥੀਆਂ ਨੂੰ ਓਕਵਿਲ, ਮਿਸੀਸਾਗਾ(ਐੱਮ.ਆਈ.ਵੇਅ) ਅਤੇ ਬਰੈਂਪਟਨ (ਜ਼ੂਮ ਸੇਵਾ ਸਮੇਤ) ਟਰਾਂਜ਼ਿਟ ਰੂਟਾਂ 'ਤੇ ਜਾਣ ਦੀ ਆਗਿਆ ਦਿੰਦਾ ਹੈ ਅਤੇ ਵਿਦਿਆਰਥੀ ਇਸ ਨਾਲ ਕਾਲਜ ਦੇ ਡੇਵਿਸ ਤੇ ਟਰੈਫ਼ਾਲਗਰ ਕੈਂਪਸਾਂ ਦੇ ਸਿੱਧੇ ਰੂਟ 'ਤੇ ਆ ਜਾ ਸਕਦੇ ਹਨ।

# ਐੱਮ.ਪੀ. ਰੂਬੀ ਸਹੋਤਾ ਨੇ ਸਲਾਨਾ 'ਕਮਿਊਨਿਟੀ ਈਸਟਰ ਐੱਗ ਹੰਟ' ਦੀ ਕੀਤੀ ਮੇਜ਼ਬਾਨੀ

ਬਰੈਂਪਟਨ, -ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਆਪਣੇ ਦਫ਼ਤਰ ਵਿਚ ਬਰੈਂਪਟਨ ਦੀ ਕਮਿਊਨਿਟੀ ਦਾ ਸਲਾਨਾ ਪਰਿਵਾਰਿਕ ਦੋਸਤਾਨਾ 'ਕਮਿਊਨਿਟੀ ਈਸਟਰ ਹੰਟ' ਦੇ ਈਵੈਂਟ 'ਤੇ ਆਉਣ 'ਤੇ ਭਰਵਾਂ ਸੁਆਗ਼ਤ ਕੀਤਾ। ਇਹ 'ਐੱਗ ਹੰਟ ਈਵੈਂਟ' ਬਰੈਂਪਟਨ ਨੌਰਥ ਦੀ ਕਮਿਊਨਿਟੀ ਲਈ ਤੇ ਖ਼ਾਸ ਕਰਕੇ ਬੱਚਿਆਂ ਲਈ ਆਪਣੀ ਹਰਮਨ-ਪਿਆਰੀ ਪਾਰਲੀਮੈਂਟ ਨੂੰ ਮਿਲਣ ਅਤੇ ਕਮਿਊਨਿਟੀ ਈਵੈਂਟ ਵਿਚ ਸ਼ਾਮਲ ਹੋਣ ਲਈ ਬਹੁਤ ਹੀ ਖ਼ੂਬਸੂਰਤ ਮੌਕਾ ਸੀ। ਦਰਜਨਾਂ ਹੀ ਬੱਚਿਆਂ ਨੇ 'ਈਸਟਰ ਐੱਗ ਹੰਟ' ਵਿਚ ਹਿੱਸਾ ਲਿਆ, ਜਦਕਿ ਉਨ੍ਹਾਂ ਦੇ ਮਾਪਿਆਂ ਨੂੰ ਉਸ ਸਮੇਂ ਆਪਣੀ ਪਾਰਲੀਮੈਂਟ ਮੈਂਬਰ ਰੂਬੀ ਸਹੋਤਾ ਨਾਲ ਬੱਜਟ 2019 ਬਾਰੇ ਵਿਚਾਰ-ਵਟਾਂਦਰਾ ਕਰਨ ਅਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਹੋਰ ਉਪਰਾਲਿਆਂ, ਜਿਵੇਂ ਕਿ ਕੈਨੇਡਾ ਚਾਈਲਡ ਬੈਨੀਫ਼ਿਟ, ਮਿਡਲ ਕਲਾਸ ਟੈਕਸ ਕੱਟ ਅਤੇ ਪ੍ਰਦੂਸ਼ਣ ਦੀ ਕੀਮਤ ਤਾਰਨ ਸਬੰਧੀ ਗੱਲਬਾਤ ਕਰਨ ਦਾ ਮੌਕਾ ਮਿਲਿਆ ਜਿਨ੍ਹਾਂ ਦੇ ਨਾਲ ਬਰੈਂਪਟਨ ਨੌਰਥ ਦੇ ਵਸਨੀਕਾਂ ਤੇ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਬਿਹਤਰ ਹੋਣਾ ਯਕੀਨੀ ਹੈ।

ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਰੂਬੀ ਸਹੋਤਾ ਨੇ ਕਿਹਾ,"ਸੱਭ ਤੋਂ ਵਧੀਆ ਪੂੰਜੀ ਨਿਵੇਸ਼ ਜਿੱਥੇ ਸਾਡੀ ਸਰਕਾਰ ਕਰ ਸਕਦੀ ਹੈ, ਉਹ ਸਾਡੀ ਅਗਲੀ ਪੁਸ਼ਤ, ਸਾਡੇ ਬੱਚੇ ਹਨ। ਸਾਡੀ ਸਰਕਾਰ ਵੱਲੋਂ ਕੀਤੇ ਗਏ ਫ਼ੈਸਲੇ ਨਾਲ 300,000 ਬੱਚੇ ਗ਼ਰੀਬੀ ਦੇ ਚੁੰਗਲ ਵਿੱਚੋਂ ਬਾਹਰ ਆਏ ਹਨ, ਜਦਕਿ ਸਰਕਾਰ ਵੱਲੋਂ ਉਨ੍ਹਾਂ ਦੀ ਪੜ੍ਹਾਈ, ਸਕਿੱਲ-ਡਿਵੈੱਲਪਮੈਂਟ ਅਤੇ ਦੇਸ਼ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵੀ ਸਰਕਾਰ ਵੱਲੋਂ ਬਹੁਤ ਸਾਰੀ ਪੂੰਜੀ ਨਿਵੇਸ਼ ਕੀਤੀ ਗਈ ਹੈ। ਅਸੀਂ ਜਦੋਂ ਛੋਟੇ ਬੱਚਿਆਂ ਲਈ ਪੂੰਜੀ ਨਿਵੇਸ਼ ਕਰਦੇ ਹਾਂ ਤਾਂ ਉਨ੍ਹਾਂ ਨੂੰ ਵੀ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਨੁਮਾਇੰਦੇ ਉਨ੍ਹਾਂ ਦੇ ਲਈ ਹਰ ਸਮੇਂ ਪਹੁੰਚ ਵਿਚ ਹਨ। ਮੈਂ ਕਮਿਊਨਿਟੀ ਵਿਚ ਵਿਚਰਨ ਲਈ ਅਕਸਰ ਜਾਂਦੀ ਰਹਿੰਦੀ ਹਾਂ ਅਤੇ ਮੇਰਾ ਦਫ਼ਤਰ ਹਮੇਸ਼ਾ ਮੇਰੇ ਇਲਾਕਾ-ਵਾਸੀਆਂ ਨਾਲ ਭਰਿਆ ਰਹਿੰਦਾ ਹੈ। ਪ੍ਰੰਤੂ, 'ਸਲਾਨਾ ਐੱਗ ਹੰਟ' ਦਾ ਇਹ ਈਵੈਂਟ ਮੈਂ ਆਪਣੀ ਕਮਿਊਨਿਟੀ ਦੇ ਬੱਚਿਆਂ ਲਈ ਕਰਦੀ ਹਾਂ ਅਤੇ ਉਹ ਹਮੇਸ਼ਾ ਇਸ ਦੇ ਲਈ ਪੂਰੇ ਉਤਸ਼ਾਹ ਵਿਚ ਹੁੰਦੇ ਹਨ।"ਐੱਮ.ਪੀ. ਰੂਬੀ ਸਹੋਤਾ ਵੱਲੋਂ ਕੀਤੇ ਜਾਂਦੇ ਕਮਿਊਨਿਟੀ ਈਵੈਂਟਸ ਦੀ ਜਾਣਕਾਰੀ ਲਈ ਉਨ੍ਹਾਂ ਦੇ ਫ਼ੇਸਬੁੱਕ ਪੇਜ /MPRubySahota, Twitter: @mprubysahota and Instagram: @MP.RubySahota ''ਤੇ ਵਿਜ਼ਿਟ ਕੀਤਾ ਜਾ ਸਕਦਾ ਹੈ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5 | Harcharan S. Grover

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
•6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ
Also need Body Shop Mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



# ਸੰਪਾਦਕੀ

## ਕੈਨੇਡਾ ਤੋਂ ਬਾਹਰ ਓਹਿੱਪ ਕਵਰ ਬੰਦ ਹੋਣ ਦੇ ਹੋ ਸਕਦੇ ਹਨ ਗੰਭੀਰ ਸਿੱਟੇ

ਉਂਟੇਰੀਓ ਵਾਸੀਆਂ ਨੂੰ ਕੈਨੇਡਾ ਤੋਂ ਬਾਹਰਲੇ ਮੁਲਕਾਂ ਵਿੱਚ ਓਹਿੱਪ (Ontario Health Insurance Plan {OHIP}) ਤਹਿਤ ਮਿਲਦੇ ਸੀਮਤ ਸਿਹਤ ਲਾਭਾਂ ਨੂੰ ਡੱਗ ਫੋਰਡ ਸਰਕਾਰ ਵੱਲੋਂ ਖਤਮ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ ਜਿਸਦੇ ਕਈ ਲੋਕਾਂ ਖਾਸਕਰਕੇ ਇੰਮੀਗਰਾਂਟਾਂ ਲਈ ਗੰਭੀਰ ਸਿੱਟੇ ਨਿਕਲ ਸਕਦੇ ਹਨ। ਪ੍ਰੋਵਿੰਸ਼ੀਅਲ ਸਰਕਾਰ ਨੇ ਆਪਣੀ ਵੈੱਬਸਾਈਟ ਉੱਤੇ ਇਸ ਪ੍ਰਤਾਵਿਤ ਤਬਦੀਲੀ ਬਾਰੇ ਉਂਟੇਰੀਓ ਵਾਸੀਆਂ ਦੇ ਸੁਝਾਅ ਜਾਨਣ ਲਈ ਜਾਣਕਾਰੀ ਪਾਈ ਹੈ। ਇਹ ਗੱਲ ਪੱਕੀ ਹੈ ਕਿ ਲੋਕਾਂ ਦੇ ਸੁਝਾਵ ਕੁੱਝ ਵੀ ਹੋਣ,ਵੈੱਬਸਾਈਟ ਉੱਤੇ ਪਾਈ ਗਈ ਜਾਣਕਾਰੀ ਦੀ ਸ਼ਬਦਾਵਲੀ ਦੱਸਦੀ ਹੈ ਕਿ ਸਰਕਾਰ ਆਪਣੇ ਫੈਸਲੇ ਨੂੰ ਲਾਗੂ ਕਰਨ ਲਈ ਉਤਾਰੂ ਹੈ। ਵੈਸੇ ਵੀ ਲੋਕਾਂ ਕੋਲ ਆਪਣੇ ਵਿਚਾਰ ਦੇਣ ਲਈ 24 ਅਪਰੈਲ ਤੋਂ 30 ਅਪਰੈਲ ਤੱਕ ਸਿਰਫ਼ 7 ਦਿਨ ਹਨ। ਸੋਚਿਆ ਜਾ ਸਕਦਾ ਹੈ ਕਿ ਆਪੋ ਆਪਣੇ ਕੰਮਾਂਕਾਰਾਂ ਵਿੱਚ ਮਸਰੂਫ਼ ਪਬਲਿਕ ਨੂੰ ਐਨੇ ਥੋੜੇ ਸਮੇਂ ਵਿੱਚ ਵਿਚਾਰ ਦੇਣ ਲਈ ਕਿੰਨੀ ਕੁ ਫੁਰਸਤ ਮਿਲੇਗੀ।

ਉਂਟੇਰੀਓ ਦੇ ਹੈਲਥ ਇਨਸ਼ੂਰੈਂਸ ਐਕਟ ਦੀ ਰੈਗੂਲੇਸ਼ਨ 552 ਤਹਿਤ ਕੈਨੇਡਾ ਤੋਂ ਬਾਹਰ ਜਾਣ ਵਾਲੇ ਉਂਟੇਰੀਓ ਵਾਸੀਆਂ ਨੂੰ ਕੁੱਝ ਸਿਹਤ ਸੇਵਾਵਾਂ ਹਾਸਲ ਹੋ ਸਕਦੀਆਂ ਹਨ ਜੋ 1 ਅਕਤੂਬਰ 2019 ਤੋਂ ਬੰਦ ਹੋ ਜਾਣਗੀਆਂ। ਮਿਲਣ ਵਾਲੀਆਂ ਸੇਵਾਵਾਂ ਵਿੱਚ ਇਟੈਂਸਿਵ ਕੇਅਰ ਯੂਨਿਟ ਜਾਂ ਅਪਰੇਸ਼ਨ ਰੂਮ ਵਿੱਚ ਦਾਖਲ ਹੋਣ ਲਈ ਇੱਕ ਦਿਨ ਦੇ ਵੱਧ ਤੋਂ ਵੱਧ 400 ਡਾਲਰ, ਹੋਰ ਐਮਰਜੰਸੀ ਸਿਹਤ ਸੇਵਾਵਾਂ ਲਈ ਹਸਪਤਾਲ ਦਾਖਲ ਹੋਣ ਦੀ ਸੂਰਤ ਵਿੱਚ ਵੱਧ ਤੋਂ ਵੱਧ 200 ਡਾਲਰ ਰੋਜ਼ਾਨਾ ਮਿਲ ਸਕਦੇ ਸਨ। ਜੇ ਤੁਸੀਂ ਹਸਪਤਾਲ ਦਾਖਲ ਨਹੀਂ ਹੁੰਦੇ ਪਰ ਕਿਸੇ ਡਾਕਟਰ ਤੋਂ ਦਵਾਈ ਲੈਂਦੇ ਹੋ ਤਾਂ ਇੱਕ ਦਿਨ ਦੇ 50 ਡਾਲਰ ਅਤੇ ਗੁਰਦੇ ਦੇ ਡਾਇਆਲਸਿਸ ਲਈ 210 ਡਾਲਰ ਦਿੱਤੇ ਜਾ ਸਕਦੇ ਸੀ। ਜ਼ਿਕਰਯੋਗ ਹੈ ਕਿ ਕੈਨੇਡਾ ਤੋਂ ਬਾਹਰ ਲਈਆਂ ਸਿਹਤ ਸੇਵਾਵਾਂ ਉੱਤੇ ਹੋਏ ਖਰਚੇ ਨੂੰ ਉਂਟੇਰੀਓ ਵਿੱਚ ਆ ਕੇ ਹਾਸਲ ਕਰਨਾ ਐਨਾ ਸੌਖਾ ਨਹੀਂ ਹੁੰਦਾ ਕਿਉਂਕਿ ਸਿਹਤ ਵਿਭਾਗ ਦੀ ਅਫ਼ਸਰਸ਼ਾਹੀ ਇੱਕ ਤੋਂ ਬਾਅਦ ਦੂਜਾ ਇਤਰਾਜ਼ ਲਾਉਂਦੀ ਰਹਿੰਦੀ ਹੈ। ਇਸ ਲਈ ਹੀ ਸੁਚੇਤ ਲੋਕ ਆਪਣੀ ਪ੍ਰਾਈਵੇਟ ਇਨਸ਼ੂਰੈਂਸ ਖਰੀਦਣ ਨੂੰ ਤਰਜੀਹ ਦੇਂਦੇ ਹਨ। ਪਰ ਹਰ ਕੋਈ ਅਜਿਹਾ ਨਹੀਂ ਕਰ ਸਕਦਾ।

ਸਰਕਾਰੀ ਦਸਤਾਵੇਜ਼ ਮੁਤਾਬਕ ਸਾਲ 2018 ਵਿੱਚ ਵਿਦੇਸ਼ਾਂ ਵਿੱਚ ਓਹਿੱਪ ਕਵਰੇਜ਼ ਕਰਨ ਲਈ 9 ਮਿਲੀਅਨ ਡਾਲਰ ਦੀ ਭਰਪਾਈ ਕੀਤੀ ਹੈ। ਸਰਕਾਰੀ ਜਾਣਕਾਰੀ ਮੁਤਾਬਕ ਹਰ ਸਾਲ 40 ਹਜ਼ਾਰ ਦੇ ਕਰੀਬ ਉਂਟੇਰੀਓ ਵਾਸੀ ਕੈਨੇਡਾ ਤੋਂ ਬਾਹਰ ਜਾਂਦੇ ਹਨ ਜਿਹਨਾਂ ਵਿੱਚੋਂ 90% ਆਪਣੀ ਪ੍ਰਾਈਵੇਟ ਹੈਲਥ ਇਨਸ਼ੂਰੈਂਸ ਖਰੀਦ ਕੇ ਜਾਂਦੇ ਹਨ। ਪਰ ਸਰਕਾਰ ਜਿਸ ਗੱਲ ਦਾ ਜ਼ਿਕਰ ਨਹੀਂ ਕਰ ਰਹੀ, ਉਹ ਹੈ 10% ਲੋਕਾਂ ਦੀ ਗੱਲ ਜਿਹੜੇ ਜਾਣਕਾਰੀ ਦੀ ਘਾਟ ਜਾਂ ਵਿੱਤ ਪੱਖੋਂ ਔਖੇ ਹੋਣ ਕਾਰਨ ਕਿਸੇ ਕਿਸਮ ਦਾ ਬੀਮਾ ਨਹੀਂ ਖਰੀਦ ਸਕਦੇ। ਸਾਲ 2009 ਵਿੱਚ ਇੱਕ ਮਿਸੀਸਾਗਾ ਵਾਸੀ ਭਾਰਤੀ ਮੂਲ ਦੇ ਪਰਵਾਸੀ ਨੇ ਉਂਟੇਰੀਓ ਸਰਕਾਰ ਤੋਂ ਮੁੱਕਦਮਾ ਕਰਕੇ ਡੇਢ ਲੱਖ ਦੇ ਕਰੀਬ ਡਾਲਰ ਲਏ ਸਨ ਜੋ ਉਸਦੇ ਦਿਮਾਗ ਦਾ ਅਪਰੇਸ਼ਨ ਕਰਨ ਲਈ ਅਮਰੀਕਾ ਦੇ ਇੱਕ ਹਸਪਤਾਲ ਵਿੱਚ ਖਰਚ ਹੋਏ ਸਨ। ਉਸਨੂੰ ਐਮਰਜੰਸੀ ਵਿੱਚ ਅਮਰੀਕਾ ਇਲਾਜ ਕਰਵਾਉਣ ਲਈ ਜਾਣਾ ਪਿਆ ਸੀ। ਨੈਸ਼ਨਲ ਪੋਸਟ ਨੇ ਇਸ ਕੇਸ ਨੂੰ ਇਤਿਹਾਸਕ ਕਰਾਰ ਦਿੱਤਾ ਸੀ ਕਿਉਂਕਿ ਇਸ ਨਾਲ ਕੈਨੇਡਾ ਤੋਂ ਬਾਹਰ ਇਲਾਜ ਕਰਵਾਉਣ ਦਾ ਰਾਹ ਖੁੱਲ ਗਿਆ ਸੀ ਖਾਸ ਕਰਕੇ ਜਦੋਂ ਉਂਟੇਰੀਓ ਵਿੱਚ ਸਿਹਤ ਐਮਰਜੰਸੀ ਖੜੀ ਹੋਣ ਵੇਲੇ ਕੋਈ ਬਾਂਹ ਫੜਨ ਵਾਲਾ ਨਹੀਂ ਹੁੰਦਾ। ਸਰਕਾਰ ਦੇ ਓਹਿੱਪ ਬੰਦ ਕਰਨ ਦੇ ਫੈਸਲੇ ਨਾਲ ਅਜਿਹੀ ਐਮਰਜੰਸੀ ਵਿੱਚ ਮਿਲਣ ਵਾਲੀ ਕਿਸੇ ਵੀ ਮਦਦ ਦੀ ਸੰਭਾਵਨਾ ਦਾ ਕਤਲ ਹੋ ਜਾਵੇਗਾ।

ਸਰਕਾਰ ਦਾ ਇਹ ਦਾਅਵਾ ਲੋਕਪੱਖੀ ਨਹੀਂ ਕਿਹਾ ਜਾ ਸਕਦਾ ਕਿ ਉਹਨਾਂ ਨੇ ਵਿਦੇਸ਼ ਤੋਂ ਬਾਹਰ ਸਿਹਤ ਕਵਰੇਜ਼ ਬੰਦ ਕਰਨ ਦਾ ਨਿਰਣਾ ਬੀਮਾ ਸੈਕਟਰ ਦੀਆਂ ਕੰਪਨੀਆਂ ਦੀ ਮਾਹਰ ਸਲਾਹ ਦੇ ਆਧਾਰ ਉੱਤੇ ਕੀਤਾ ਹੈ। ਬੀਮਾ ਕੰਪਨੀਆਂ ਕਦੋਂ ਚਾਹੁਣਗੀਆਂ ਕਿ ਉਹਨਾਂ ਲਈ ਹੋਰ ਬਿਜਨਸ ਦੇ ਮਾਰਗ ਨਾ ਖੁੱਲਣ? ਵਿਦੇਸ਼ਾਂ ਵਿੱਚੋਂ ਬਾਹਰ ਸਿਹਤ ਖਰਚੇ ਲਈ ਓਹਿੱਪ ਰਾਹੀਂ ਮਿਲਣ ਵਾਲੇ ਪੈਸਿਆਂ ਦੀਆਂ ਦਰਾਂ ਵਿੱਚ 2004 ਤੋਂ ਬਾਅਦ ਕੋਈ ਵਾਧਾ ਨਹੀਂ ਸੀ ਕੀਤਾ ਗਿਆ। ਜੇ ਸਰਕਾਰ ਦਾ ਇਰਾਦਾ ਲਿਬਰਲ ਸਰਕਾਰ ਦੇ ਫੈਸਲਿਆਂ ਨੂੰ ਉਲਟਾਉਣਾ ਹੀ ਹੈ ਤਾਂ ਕਿਉਂ ਨਾ ਇਸ ਕਵਰੇਜ਼ ਦਰ ਵਿੱਚ ਵਾਧਾ ਕਰਕੇ ਜੱਸ ਖੱਟਿਆ ਜਾਂਦਾ। ਸਿਹਤ ਸੇਵਾਵਾਂ ਉੱਤੇ ਸਮਝੌਤਾ ਕਰਕੇ ਪੈਸੇ ਦੀ ਬੱਚਤ ਕਰਨਾ ਦਿਆਨਤਦਾਰੀ ਨਹੀਂ ਹੈ ਖਾਸਕਰਕੇ ਪਰਵਾਸੀਆਂ ਦੇ ਪੱਖ ਤੋਂ ਜਿਹਨਾਂ ਨੂੰ ਹੋਰਾਂ ਨਾਲੋਂ ਜ਼ਿਆਦਾਵਾਰ ਕੈਨੇਡਾ ਤੋਂ ਬਾਹਰ ਜਾਣਾ ਪੈਂਦਾ ਹੈ।

## ਭਗਤ ਸਿੰਘ ਬਰਾੜ ਸਮੇਤ ਤਿੰਨ ਸਿੱਖ ਕੈਨੇਡਾ ਦੀ 'ਨੋ ਫਲਾਈ ਲਿਸਟ' ਵਿੱਚ ਸ਼ਾਮਿਲ



ਭਗਤ ਸਿੰਘ ਬਰਾੜ



ਮੋਨਿੰਦਰ ਸਿੰਘ

ਓਟਾਵਾ ਪੋਸਟ ਬਿਊਰੋ: ਉਂਟੇਰੀਓ ਗੁਰਦੁਆਰਾ ਕਮੇਟੀ ਦੇ ਮੈਂਬਰ ਭਗਤ ਸਿੰਘ ਬਰਾੜ, ਸਰੀ, ਵੈਨਕੂਵਰ ਦੇ ਪ੍ਰਧਾਨ ਮੋਨਿੰਦਰ ਸਿੰਘ ਅਤੇ ਪਰਵਕਾਰ ਸਿੰਘ ਦੁਲੇ ਦੇ ਨਾਮ ਕੈਨੇਡੀਅਨ ਫੈਡਰਲ ਸਰਕਾਰ ਨੇ 'ਨੋ ਫਲਾਈ ਲਿਸਟ' ਵਿੱਚ ਸ਼ਾਮਲ ਕਰ ਦਿੱਤੇ ਹਨ। ਭਗਤ ਸਿੰਘ ਬਰਾੜ ਅਤੇ ਪਰਵਕਾਰ ਸਿੰਘ ਦੂਲੇ ਨੇ ਸਰਕਾਰ ਦੇ ਇਸ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਨੈਸ਼ਨਲ ਪੋਸਟ ਅਖਬਾਰ ਦੇ ਹਵਾਲੇ ਨਾਲ ਛਪੀਆਂ ਖਬਰਾਂ ਮੁਤਾਬਕ ਕੈਨੇਡਾ ਦੇ ਸਿਕਿਉਰ ਏਅਰ ਟਰੈਵਲ ਐਕਟ ਤਹਿਤ ਬਣਾਈ ਇਸ ਲਿਸਟ ਵਿੱਚ ਉਹਨਾਂ ਵਿਅਕਤੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿਹਨਾਂ ਬਾਰੇ ਇਹ ਸੰਭਾਵਨਾ ਹੋਵੇ ਕਿ ਉਹ ਸੁਰੱਖਿਆ ਲਈ ਖਤਰਾ ਹੋ ਸਕਦੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਯਾਤਰਾ ਤੋਂ ਬਾਅਦ ਨੋ ਫਲਾਈ ਲਿਸਟ ਦਾ ਮੁੱਦਾ ਇੱਕ ਵਾਰ ਦੁਬਾਰਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਭਗਤ ਸਿੰਘ ਬਰਾੜ ਨੂੰ ਨੋ ਫਲਾਈ ਲਿਸਟ ਉੱਤੇ ਹੋਣ ਦਾ ਪਤਾ 24 ਅਪਰੈਲ 2018 ਨੂੰ ਵੈਨਕੂਵਰ ਏਅਰਪੋਰਟ ਉੱਤੇ ਲੱਗਿਆ ਜਦੋਂ ਉਸਨੂੰ ਜਹਾਜ਼ ਵਿੱਚ ਚੜਨ ਤੋਂ ਮਨਾਹੀ ਕਰ ਦਿੱਤੀ ਗਈ ਸੀ।

ਨੈਸ਼ਨਲ ਪੋਸਟ ਮੁਤਾਬਕ ਸਰਕਾਰ ਵੱਲੋਂ ਇਸ ਗੱਲ ਦਾ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ ਕਿ ਕਿੰਨੇ ਲੋਕ 'ਨੋ ਫਲਾਈ ਲਿਸਟ ਉੱਤੇ ਹਨ ਅਤੇ ਕਿਸੇ ਦਾ ਨਾਮ ਇਸ ਲਿਸਟ ਵਿੱਚ ਕਿਹੜੀਆਂ ਗੱਲਾਂ ਦੇ ਆਧਾਰ ਉੱਤੇ ਪਾਇਆ ਜਾਂਦਾ ਹੈ। ਵਰਣਣਯੋਗ ਹੈ ਕਿ ਫੈਡਰਲ ਸਰਕਾਰ ਨੇ ਨੋ ਫਲਾਈ ਲਿਸਟ ਦੀ ਪ੍ਰਕਿਰਿਆ ਨੂੰ ਦਰੁਸਤ ਕਰਨ ਦੇ ਇਰਾਦੇ ਨਾਲ ਇਸ ਸਾਲ ਬੱਜਟ ਵਿੱਚ 81.4 ਮਿਲੀਅਨ ਡਾਲਰ ਰਾਖਵੇਂ ਰੱਖੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮਸੂਦ ਅਜ਼ਹਰ ਕੇਸ ਵਿੱਚ ਭਾਰਤ ਦੀ ਮਦਦ ਬਦਲੇ ਅਮਰੀਕਾ ਨੇ ਮੋੜਵੀਂ ਵੱਡੀ ਮਦਦ ਮੰਗ ਲਈ

ਵਾਸ਼ਿੰਗਟਨ, 24 ਅਪਰੈਲ, (ਪੋਸਟ ਬਿਊਰੋ)- ਭਾਰਤ ਦੇ ਜੰਮੂ-ਕਸ਼ਮੀਰ ਵਿੱਚ ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਅੱਤਵਾਦੀ ਹਮਲੇ ਪਿੱਛੋਂ ਪਾਕਿਸਤਾਨ ਦੇ ਅੱਤਵਾਦੀ ਗਰੁੱਪ ਜੈਸ਼-ਏ-ਮੁਹੰਮਦ ਅਤੇ ਉਸਦੇ ਮੁਖੀ ਮਸੂਦ ਅਜ਼ਹਰ ਉੱਤੇ ਸ਼ਿਕੰਜਾ ਕੱਸਣ ਲਈ ਭਾਰਤ ਦੀ ਕੋਸ਼ਿਸ਼ ਅੱਗੇ ਚੀਨਅੜਿੱਕੇ ਡਾਹ ਰਿਹਾ ਹੈ, ਪਰ ਅਮਰੀਕਾ ਇਸ ਵਿਚ ਭਾਰਤ ਦੇ ਨਾਲ ਖੜਾ ਹੋ ਕੇ ਚੀਨ ਉੱਤੇ ਦਬਾਅ ਬਣਾਉਣ ਦੇ ਯਤਨਕਰ ਰਿਹਾ ਹੈ। ਇਕ ਅਖਬਾਰੀ ਰਿਪੋਰਟ ਮੁਤਾਬਕ ਮਸੂਦ ਅਜ਼ਹਰ ਕੇਸ ਵਿਚ ਭਾਰਤ ਦੀ ਮਦਦ ਦੇ ਬਦਲੇ ਅਮਰੀਕਾ ਉਸ ਤੋਂ ਵੱਡੀ ਕੁਰਬਾਨੀ ਵੀ ਮੰਗ ਰਿਹਾ ਹੈ।

ਇਸ ਅਖਬਾਰ ਦੇ ਮੁਤਾਬਕ ਅਮਰੀਕਾ ਨੇ ਬੀਤੇ ਨਵੰਬਰ ਵਿੱਚ ਈਰਾਨ ਤੋਂ ਤੇਲ ਖਰੀਦਣ ਬਾਰੇਦੁਨੀਆਭਰ ਦੇ ਦੇਸ਼ਾਂ ਉੱਤੇ ਪਾਬੰਦੀ ਲਾ ਦਿੱਤੀ ਸੀ ਤੇ ਇਸ ਦੇ ਲਈ ਵੱਖ-ਵੱਖ ਦੇਸ਼ਾਂ ਨੂੰ 6 ਮਹੀਨੇ ਦਾ ਸਮਾਂ ਦਿੱਤਾ ਸੀ, ਜਿਹੜਾ 2 ਮਈ ਨੂੰ ਪੂਰਾ ਹੋ ਜਾਣਾ ਹੈ। ਈਰਾਨ ਤੋਂਭਾਰਤ ਵੱਡੀ ਮਾਤਰਾ ਵਿਚ ਤੇਲ ਖਰੀਦਦਾ ਹੈ। ਅਮਰੀਕਾ ਨੇ ਭਾਰਤ ਨੂੰ ਵੀ ਈਰਾਨ ਤੋਂ ਤੇਲ ਖਰੀਦ ਰੋਕਣ ਨੂੰ ਕਿਹਾ ਹੈ। ਅਖਬਾਰ ਮੁਤਾਬਕ ਅਮਰੀਕਾ ਨੇ ਭਾਰਤ ਨੂੰ ਚਾਬਹਾਰ ਬੰਦਰਗਾਹ ਦੇ ਵਿਕਾਸ ਬਾਰੇ ਛੋਟ ਦੇ ਦਿੱਤੀ ਹੈ, ਪਰ ਉਹ ਈਰਾਨ ਤੋਂ ਤੇਲ ਖਰੀਦ ਦੀ ਪੂਰੀ ਪਾਬੰਦੀ ਚਾਹੁੰਦਾ ਹੈ।ਅਖਬਾਰਵੱਲੋਂ ਛਾਪੇ ਅੰਕੜਿਆਂ ਅਨੁਸਾਰ ਅਮਰੀਕਾ ਵਲੋਂ ਪਾਬੰਦੀ ਲਾਉਣ ਪਿੱਛੋਂ ਅਮਰੀਕੀ ਅਧਿਕਾਰੀਆਂ ਦੀ ਇਕ ਟੀਮ ਅੱਜਕੱਲ੍ਹ ਭਾਰਤ ਆ ਕੇ ਈਰਾਨ ਤੋਂ ਤੇਲਖਰੀਦ ਦੀ ਪਾਬੰਦੀ ਬਾਰੇ ਭਾਰਤੀ ਅਧਿਕਾਰੀਆਂ ਨਾਲ ਗੱਲਬਾਤ ਕਰ ਰਹੀ ਹੈ। ਵਰਨਣ ਯੋਗ ਹੈ ਕਿ ਅਮਰੀਕਾ ਦਾ ਕਹਿਣਾ ਹੈ ਕਿ ਤੇਲ ਤੋਂਹੁੰਦੀ ਕਮਾਈ ਨਾਲਈਰਾਨ ਕਈ ਬਾਗੀ ਗਰੁੱਪਾਂ ਅਤੇ ਅੱਤਵਾਦੀ ਜਥੇਬੰਦੀਆਂ ਦੀ ਫੰਡਿੰਗ ਕਰਦਾ ਤੇ ਆਪਣੇ ਐਟਮੀ ਪ੍ਰੋਗਰਾਮ ਨੂੰ ਚੋਰੀ ਛੁਪੇ ਚਲਾਉਂਦਾ ਹੋਣ ਕਰ ਕੇ ਅਮਰੀਕਾ ਨੇ ਈਰਾਨ ਦੇ ਤੇਲ ਵਪਾਰ ਉੱਤੇ ਪਾਬੰਦੀ ਦਾ ਫੈਸਲਾ ਕੀਤਾ ਹੈ, ਪਰਇਹ ਪਾਬੰਦੀ ਭਾਰਤ ਲਈ ਵੱਡੀ ਚੁਣੌਤੀ ਬਣ ਰਹੀ ਹੈ, ਕਿਉਂਕਿ ਭਾਰਤ ਆਪਣੀਆਂ ਜ਼ਰੂਰਤਾਂ ਲਈ ਈਰਾਨ ਤੋਂ ਤੇਲ ਖਰੀਦ ਉੱਤੇ ਨਿਰਭਰ ਹੈ। ਇਸ ਤੋਂ ਇਲਾਵਾ ਭਾਰਤ ਨੇ ਈਰਾਨ ਨਾਲ ਚਾਬ-ਹਾਰ ਬੰਦਰਗਾਹ ਉੱਤੇ ਰਣਨੀਤਕ ਸਾਂਝੇਦਾਰੀ ਵੀ ਕੀਤੀ ਹੈ ਤੇ ਭਾਰਤ ਦੇ ਸਾਹਮਣੇ ਅਮਰੀਕਾ ਨੂੰ ਖੁਸ਼ ਰੱਖਣ ਦੇ ਨਾਲ ਈਰਾਨ ਨੂੰ ਵੀ ਆਪਣੇ ਤੋਂ ਦੂਰ ਨਾ ਦਿੱਤੇ ਜਾਣ ਦੀ ਚਿੰਤਾ ਹੈ।

## ਸਿਵਲ ਸਰਜਨ ਦਫਤਰ ਦੀ ਨੀਲਾਮੀ ਇੱਕ ਵਾਰ ਫਿਰ ਟਲ ਗਈ

ਜਲੰਧਰ, 24 ਅਪ੍ਰੈਲ (ਪੋਸਟ ਬਿਊਰੋ)- ਸਿਵਲ ਸਰਜਨ ਦਫਤਰ ਦੀ ਨੀਲਾਮੀ ਇੱਕ ਵਾਰ ਫਿਰ ਟਲ ਗਈ ਹੈ। ਇਸ ਦੀ ਸੁਣਵਾਈ ਮੌਕੇ ਸਿਵਲ ਸਰਜਨ ਦਫਤਰ ਦੀ ਅਰਜ਼ੀ 'ਤੇ ਅਮਲ ਕਰਦੇ ਹੋਏ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ 27 ਮਈ ਤੱਕ ਟਾਲ ਦਿੱਤੀ ਹੈ। ਸਿਵਲ ਸਰਜਨ ਦਫਤਰ ਨੇ ਆਪਣੀ ਅਰਜ਼ੀ ਵਿੱਚ ਕੋਰਟ ਨੂੰ ਇਸ ਦੀ ਸੁਣਵਾਈ ਟਾਲਣ ਦੀ ਅਪੀਲ ਕੀਤੀ ਸੀ। ਅਰਜ਼ੀ ਵਿੱਚ ਸਿਹਤ ਵਿਭਾਗ ਨੇ ਸੰਬੰਧਤ ਅਧਿਕਾਰੀ ਦੀ ਬਕਾਇਆ ਪਈ ਤਨਖਾਹ ਰਿਲੀਜ਼ ਨਾ ਕਰ ਸਕਣ ਦਾ ਮੁੱਖ ਕਾਰਨ ਪੰਜਾਬ ਵਿੱਚ ਚੋਣ ਜ਼ਾਬਤਾ ਲਾਗੂ ਹੋਣਾ ਦੱਸਿਆ ਸੀ। ਇਸ ਸੰਬੰਧ ਵਿੱਚ ਕੋਰਟ ਨੇ ਸਿਹਤ ਵਿਭਾਗ ਨੂੰ ਵੱਡੀ ਰਾਹਤ ਦਿੰਦੇ ਹੋਏ ਇਸ ਕੇਸ ਦੀ ਸੁਣਵਾਈ 27 ਮਈ ਤੱਕ ਟਾਲ ਦਿੱਤੀ ਹੈ। ਵਰਨਣ ਯੋਗ ਹੈ ਕਿ ਸਿਵਲ ਸਰਜਨ ਦਫਤਰ ਦੀ ਨੀਲਾਮੀ ਦਾ ਸਥਾਨਕ ਕੋਰਟ ਵਿੱਚ ਕੇਸ ਚੱਲ ਰਿਹਾ ਹੈ। ਅਸਲ ਵਿੱਚ ਸਿਹਤ ਵਿਭਾਗ ਦੇ ਅਧਿਕਾਰੀ ਕੰਵਲਜੀਤ ਸਿੰਘ ਦਾ ਵਿਭਾਗ ਕੋਲ ਕਰੀਬ 60-70 ਲੱਖ ਰੁਪਏ ਤਨਖਾਹ (ਸਮੇਤ ਭੱਤੇ) ਬਕਾਇਆ ਹੈ। ਇਸ ਦੀ ਪਿਛਲੀ ਸੁਣਵਾਈ ਵਿੱਚ ਕੋਰਟ ਨੇ ਆਕਸ਼ਨਰ ਨੂੰ ਹੁਕਮ ਦਿੱਤੇ ਸਨ ਕਿ ਉਹ ਪੰਜ ਅਪ੍ਰੈਲ ਨੂੰ ਸਿਵਲ ਸਰਜਨ ਦਫਤਰ ਨੂੰ ਵੇਚ ਕੇ ਪੇਮੈਂਟ ਕਰ ਦੇਣ। ਇਸ 'ਤੇ ਸਿਹਤ ਵਿਭਾਗ ਨੇ ਕੋਰਟ ਵਿੱਚ ਅਰਜ਼ੀ ਦੇ ਕੇ ਇਸ ਕੇਸ ਵਿੱਚ ਕੁਝ ਹੋਰ ਦਿਨਾਂ ਦੀ ਮੋਹਲਤ ਮੰਗੀ ਤੇ 22 ਅਪ੍ਰੈਲ ਤੋਂ ਪਹਿਲਾਂ ਉਕਤ ਅਧਿਕਾਰੀ ਦੀ ਬਕਾਇਆ ਦੇਣ ਬਾਰੇ ਕਿਹਾ ਸੀ, ਪਰ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਸਿਹਤ ਵਿਭਾਗ ਉਸ ਅਧਿਕਾਰੀ ਦੀ ਬਕਾਇਆ ਤਨਖਾਹ ਰਿਲੀਜ਼ ਕਰਵਾ ਨਹੀਂ ਸਕਿਆ। ਇਸ 'ਤੇ ਕੋਰਟ ਨੇ ਸਿਹਤ ਵਿਭਾਗ ਦੀ ਅਰਜ਼ੀ ਉੱਤੇ ਸੁਣਵਾਈ 27 ਮਈ ਤੱਕ ਟਾਲ ਦਿੱਤੀ ਹੈ।

## ਪੰਜਾਬੀ ਸੱਥ ਮੈਲਬਰਨ ਵੱਲੋਂ ਪਹਿਲਾ ਕਵੀ ਦਰਬਾਰ



ਪੰਜਾਬੀ ਸੱਥ ਮੈਲਬਰਨ, ਆਸਟ੍ਰੇਲੀਆ ਵਲੋਂ ਪਹਿਲਾ ਪੰਜਾਬੀ ਕਵੀ ਦਰਬਾਰ, ਸੱਥ ਦੀ ਸੇਵਾਦਾਰ ਕੁਲਜੀਤ ਕੌਰ ਗ਼ਜ਼ਲ ਦੇ ਗ੍ਰਿਹ ਵਿਖੇ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਦੀ ਸੇਵਾ, ਪ੍ਰਸਿਧ ਪੰਜਾਬੀ ਲੇਖਕ ਅਤੇ ਬੁਲਾਰੇ, ਆਸਟ੍ਰੇਲੀਅਨ ਪੰਜਾਬੀ ਸੱਥ ਦੇ ਸਰਪ੍ਰਸਤ, ਗਿਆਨੀ ਸੰਤੋਖ ਸਿੰਘ ਜੀ ਵੱਲੋਂ ਨਿਭਾਈ ਗਈ। ਸਟੇਜ ਦੀ ਸੇਵਾ ਹੋਣਹਾਰ ਕਵਿੱਤਰੀ ਮਧੂ ਸ਼ਰਮਾ ਨੇ ਨਿਭਾਈ।


ਇਸ ਪ੍ਰੋਗਰਾਮ ਵਿਚ ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਭਾਰਤ ਦੇ ਕਵੀਆਂ ਨੇ ਆਪਣੀਆਂ ਰਚਨਾ ਰਾਹੀਂ ਰੰਗ ਬੰਨੇ।

ਗ਼ਜ਼ਲ ਜੀ ਅਤੇ ਉਹਨਾਂ ਦੇ ਪਰਵਾਰ ਵੱਲੋਂ ਪ੍ਰੇਮ ਸਹਿਤ ਤਿਆਰ ਕੀਤੇ ਗਏ ਰਾਤ ਦੇ ਖਾਣੇ ਉਪ੍ਰੰਤ, ਕਵੀ ਦਰਬਾਰ ਦੇ ਆਰੰਭ ਵਿਚ, ਪੰਜਾਬੀ ਸੱਥ ਮੈਲਬਰਨ ਦੇ ਸੰਚਾਲਕ, ਬਿੱਕਰ ਬਾਈ ਜੀ ਨੇ ਸਭ ਕਵੀਆਂ ਅਤੇ ਵਿੱਦਵਾਨ ਸਰੋਤਿਆਂ ਦਾ ਸੁਆਗਤ ਕਰਦਿਆਂ ਸਾਰਿਆਂ ਨੂੰ "ਜੀ ਆਇਆਂ" ਆਖਿਆ।

ਇਸ ਤੋਂ ਬਾਅਦ ਵੱਖ ਵੱਖ ਕਵੀਆਂ ਨੇ ਆਪੋ ਆਪਣੀਆਂ ਰਚਨਾਵਾਂ ਸੁਣਾ ਕੇ ਸਰੋਤਿਆਂ ਪਾਸੋਂ ਵਾਹ ਵਾਹ ਖੱਟੀ। ਇਸ ਪ੍ਰੋਗਰਾਮ ਅੰਤ ਵਿਚ, ਕੁਲਜੀਤ ਕੌਰ ਗ਼ਜ਼ਲ ਦਾ ਨਵਾਂ ਗ਼ਜ਼ਲ ਸੰਗ੍ਰਹਿ 'ਇਹ ਪਰਿੰਦੇ ਸਿਆਸਤ ਨਹੀਂ ਜਾਣਦੇ' ਵੀ ਲੋਕ ਅਰਪਣ ਕੀਤਾ ਗਿਆ। ਪੰਜਾਬੀ ਸੱਥ ਵੱਲੋਂ ਕੀਤੇ ਗਏ ਇਸ ਪਹਿਲ ਪਲੇਠੀ ਦੇ ਕਵੀ ਦਰਬਾਰ ਵਿਚ ਸ਼ਾਮਲ ਹੋਣ ਵਾਲੇ ਸੱਜਣਾਂ ਵਿਚੋਂ ਕੁਝ ਕੁ ਲੇਖਕਾਂ ਤੇ ਬੁਧੀਜੀਵੀਆਂ ਦੇ ਨਾਂ ਇਸ ਪ੍ਰਕਾਰ ਹਨ:

ਗਿਆਨੀ ਸੰਤੋਖ ਸਿੰਘ ਜੀ, ਹਰਪ੍ਰੀਤ ਸਿੰਘ ਤਲਵੰਡੀ ਖੁੰਮਣ, ਮਧੂ ਸ਼ਰਮਾ, ਰਮਾ ਸੇਖੋਂ, ਬਿਕਰਮਜੀਤ ਸਿੰਘ ਸੇਖੋਂ, ਜੱਸੀ ਧਾਲੀਵਾਲ, ਤੇਜਿੰਦਰ ਭੰਗੂ, ਕੇਵਲ ਸਿੰਘ ਸੰਧੂ, ਗੁਰਜੀਤ ਕੌਰ, ਰੁਪਿੰਦਰ ਸੋਜ਼, ਜਿੰਦਰ ਅਤੇ ਨਿਊਜ਼ੀਲੈਂਡ ਤੋਂ ਪਰਮਜੀਤ ਸਿੰਘ (ਸਨੀ ਸਿੰਘ), ਅਮ੍ਰੀਕ ਸਿੰਘ, ਪਰਮਿੰਦਰ ਸਿੰਘ ਪਾਪਾਟੋਏਟੋਏ, ਪ੍ਰਵੇਸ਼ ਕਸ਼ਿਅਪ, ਹਰਜਿੰਦਰ ਸਿੰਘ ਬਸਿਆਲਾ, ਬਿਕਰਮਜੀਤ ਸਿੰਘ ਮਟਰਾਂ ਅਤੇ ਗਾਇਕ ਲੱਕੀ ਦਿਓ ਅਤੇ ਭਾਰਤ ਤੋਂ ਚੰਨ ਅਮ੍ਰੀਕ ਜੀ। ਲੇਖਕਾਂ ਨੇ ਅੱਧੀ ਰਾਤ ਤੱਕ ਮਹਿਫ਼ਲ ਜਮਾਈ ਰੱਖੀ ਤੇ ਸਭ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਸੱਥ ਵਿੱਚ ਸਰੋਤਿਆਂ ਨੂੰ ਨਿਹਾਲ ਕੀਤਾ। ਇਸ ਸ਼ਾਮ ਦੀ ਮਹਿਫ਼ਿਲ ਦੇ ਅੰਤ ਵਿੱਚ ਟੀਮ ਵੱਲੋਂ ਆਪਣੀ ਰਚਨਾ ਸੁਣਾਉਣ ਵਾਲੇ ਸਾਰੇ ਹੀ ਹਾਜਰ ਰਚਨਾਕਾਰਾਂ ਨੂੰ, ਪੰਜਾਬੀ ਸੱਥ ਮੈਲਬਰਨ ਵੱਲੋਂ, ਯਾਦ ਚਿੰਨ੍ਹ ਭੇਟਾ ਕੀਤਾ ਗਿਆ। ਕੁੱਲ ਮਿਲਾ ਕੇ ਪੰਜਾਬੀ ਸੱਥ ਮੈਲਬਰਨ ਦੀ ਇਹ ਪਹਿਲ ਪਲੇਠੀ ਦਾ ਕਵੀ ਦਰਬਾਰ ਪੂਰਨ ਤੌਰ ਤੇ ਸਫ਼ਲ ਰਿਹਾ।



# Politicians and other leaders should preach unity for further divide us



By: Surjit Singh Flora

n Easter Sunday Morning, while everyone devoted exclusively to the celebration and spiritual renewal, we were forced to reckon yet again with acts of unspeakable evil that seems impossible to comprehend.

As in a series of coordinated bomb blasts in two churches and two hotels in Colombo, Sri Lanka. That killed 321 and wounded 500.

The world has united behind Sri Lanka in condemning the acts and comforting those who lost their loved ones, and in calls to get and punish those who carried out the act.

Here at home Sri Lankan-Canadians were gathered on Monday to mourn those killed in a massive terrorist attack in their homeland. The horror of Sunday's violence is compounded by the memories it revives, adding many Sri Lankan-Canadians are grappling not only with the latest events but with memories of the bloody civil war that drove many of them out of the country in the first place, Said Anura Ferdinand president of the Sri Lanka Canada Association of Ottawa.

Targeting Christians is not unique. There have been attacks in several South, Southeast and East Asian nations. And in some Mideast nations, including Syria, recently In March At least 49 people were killed and 20 injured in an attack on two mosques in Christchurch, New Zealand, the attacks have been less episodic and more systemic, resulting in most Christians being driven away.

Christians have not been as central to Sri Lanka's decades of strife, which only officially ended after government forces defeated the rebel Tamil Tigers army in 2009. That ended a vicious civil war mostly between the predominantly Hindu Tamil minority, which represents about 12% of the population, and the mostly Buddhist Sinhalese majority, which makes up about 70%. While Muslims are estimated to be under 10% of Sri Lanka's population and Christians mostly Catholics close to 6% only.

No group has yet to claim responsibility but, Sri Lanka's government has blamed the blasts on local Islamist group National Thowheed Jamath (NTJ) those likely had support from abroad and certainly had the hallmarks of international terrorism.

The National Thowheeth Jama'ath is relatively unknown worldwide, the group was known in Sri Lank at least to some security officials who warned week and half ago prior to a planned attack by the group. But that warning, which included names, addresses and phone numbers of some suspected members, never reached the highest levels of government, in result 321 innocent people have to pay the price of that and 500 those bounded.

In his Easter Sunday message, Pope Francis expressed said," my affectionate closeness to the Christian community, hit while it was gathered in prayer, and to all the victims of such cruel violence".

Question is that, whom to blame? but "Nations cannot be held responsible for the dastardly acts of terrorists. The terrorists do not have a dean, religion." "There are good, the bad and the ugly. Every institution has it. Every nation has them. The ugly one needs to be punished.

Also, another global force, social media, has at times been used to fuel the rise in sectarian-inspired violence in an increasing number of counties, including Sri Lanka, where authorities blocked access to Facebook, WhatsApp and those sites used in the wake of Sunday's attacks. The use of social media tools to divide and wreak havoc presents a profound global challenge that tech firms have a moral imperative to address.

To date, the major and effective acts of savagery in the name of ISIS have been in the United States, the old-world nations of Europe, and against Western and American targets abroad. Trucks and cars plowing into people have become new weapons against innocent citizens going about their daily lives. Terror arrives in explosions and fire on public transit systems crowded with commuters.

It is not only Sri Lankans and Catholics who feel the pain of this atrocity, and fear the further damage it could spawn, Politicians and other leaders should preach unity and peace and ensure causes that drive their people into the hands of these merchants of death are addressed.

They ought to address the widespread feeling of economic, social and political exclusionism among the population as to leave no room for any excuses for dastardly acts.


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ



647-998-7500 ਬਲਵਿੰਦਰ


## ਹਲਕਾ ਫੁਲਕਾ

ਆਪਣੀ ਗਲਤੀ 'ਤੇ ਮੁਆਫੀ ਮੰਗਣ ਵਾਲੇ ਨੂੰ ਸਮਝਦਾਰ ਕਹਿੰਦੇ ਹਨ...

...ਅਤੇ ਬਿਨਾਂ ਗਲਤੀ ਤੋਂ ਮੁਆਫੀ ਮੰਗਣ ਵਾਲੇ ਨੂੰ ਬੁਆਏ ਫਰੈਂਡ ਕਹਿੰਦੇ ਹਨ?

*********

ਨੀਲਮ (ਆਪਣੀ ਸਮਾਰਟ ਸਹੇਲੀ ਨੂੰ), "ਤੇਰੇ ਸਾਰੇ ਕਮਰੇ ਵਿੱਚ ਕੱਪੜੇ ਖਿਲਰੇ ਪਏ ਹਨ, ਇਨ੍ਹਾਂ ਨੂੰ ਅਲਮਾਰੀ ਵਿੱਚ ਕਿਉਂ ਨਹੀਂ ਰੱਖਦੀ?"

ਸਹੇਲੀ (ਬੜੀ ਨਿਰਾਸ਼ਾ ਨਾਲ), "ਜਿਸ ਕੋਲੋਂ ਕੱਪੜੇ ਮੰਗ ਕੇ ਲਿਆਈ ਹਾਂ, ਉਸ ਤੋਂ ਅਲਮਾਰੀ ਮੰਗਦਿਆਂ ਸ਼ਰਮ ਆਉਂਦੀ ਹੈ।"

*********

ਵਿਨੋਦ, "ਤੂੰ ਇੱਕ ਲਿਟਰ ਵਿੱਚ ਕਿੰਨੇ ਕਿਲੋਮੀਟਰ ਗੱਡੀ ਚਲਾਉਂਦਾ ਏਂ?"

ਅਜੈ, "ਪੰਜ ਕਿਲੋਮੀਟਰ।"

ਵਿਨੋਦ, "ਸਿਰਫ ਪੰਜ ਕਿਲੋਮੀਟਰ?"

ਅਜੈ, "ਬਾਕੀ 25 ਕਿਲੋਮੀਟਰ ਮੇਰੀ ਪਤਨੀ ਚਲਾਉਂਦੀ ਹੈ।"

*********

ਪਤਨੀ (ਪਤੀ ਨੂੰ), "ਜਿਵੇਂ ਹੀ ਮੈਂ ਤੁਹਾਡੇ ਕੋਲ ਆਉਂਦੀ ਹਾਂ, ਤੁਸੀਂ ਐਨਕ ਕਿਉਂ ਲਾ ਲੈਂਦੇ ਹੋ?"

ਪਤੀ, "ਡਾਕਟਰ ਨੇ ਕਿਹਾ ਸੀ ਕਿ ਜਦੋਂ ਸਿਰਦਰਦ ਹੋਵੇ ਤਾਂ ਐਨਕ ਲਾ ਲਵੀਂ।"

*********


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਲੋਕਤੰਤਰ ਵਿਰੋਧੀ ਹੈ 'ਵਿਅਕਤੀ ਪੂਜਾ'

-ਹਰੀ ਜੈਸਿੰਘ

ਚੋਣਾਂ ਦੇ ਸਮੇਂ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਦੀ ਯੋਗਤਾ ਸਾਫ ਤੌਰ 'ਤੇ ਝਲਕਦੀ ਹੈ। ਪੁਰਾਣੇ ਸਮੇਂ ਦੇ ਘਾਗਾਂ ਦੇ ਦਿਨ ਲੱਦ ਗਏ ਹਨ। ਉਨ੍ਹਾਂ ਦੀ ਥਾਂ ਸੌੜੀ ਸੋਚ ਵਾਲੇ ਨੇਤਾਵਾਂ ਤੇ ਉਨ੍ਹਾਂ ਦੀ ਸ਼ੋਰ ਸ਼ਰਾਬੇ ਵਾਲੀ ਪ੍ਰਤੀਯੋਗੀ ਸਿਆਸਤ ਨੇ ਲੈ ਲਈ ਹੈ। ਅਜਿਹੀ ਸਥਿਤੀ ਵਿੱਚ ਵੱਡਾ ਸਵਾਲ ਇਹ ਹੈ ਕਿ ਕੀ ਸਾਡੇ ਅੱਜ ਦੇ ਨੇਤਾ ਸੂਬਿਆਂ ਅਤੇ ਦੇਸ਼ ਨੂੰ ਗਲਤ ਢੰਗ ਨਾਲ ਚਲਾ ਰਹੇ ਹਨ? ਸਿਆਸੀ ਮੈਨੇਜਮੈਂਟ ਵਿੱਚ ਇਹ ਤਬਦੀਲੀ ਕਿਵੇਂ ਆਈ?

ਇਸ ਸਬੰਧ 'ਚ ਹਰ ਨੇਤਾ ਪਾਰਟੀ ਅਤੇ ਦੇਸ਼ ਤੋਂ ਪਹਿਲਾਂ ਖੁਦ ਨੂੰ ਤਰਜੀਹ ਦਿੰਦਾ ਹੈ। ਕੁਝ ਨਿਵੇਕਲੇ ਲੋਕ ਛੱਡ ਕੇ ਅੱਜ ਕੱਲ੍ਹ ਸਿਧਾਂਤਾਂ 'ਤੇ ਚੱਲਣ ਵਾਲੇ ਨੇਤਾ ਨਹੀਂ ਰਹੇ ਅਤੇ ਜਿਹੜੇ ਲੋਕ ਬੁੱਧੀਮਾਨ, ਈਮਾਨਦਾਰ ਹਨ, ਉਨ੍ਹਾਂ ਨੂੰ ਖੁੱਡੇ ਲਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜ ਸਾਲਾਂ ਦੇ ਰਾਜ 'ਚ ਅਸੀਂ ਇਹ ਟ੍ਰੈਂਡ ਦੇਖਿਆ ਹੈ।

ਮੈਂ ਜਾਣਦਾ ਹਾਂ ਕਿ ਇਸ ਗੱਲ ਨੂੰ ਕਦੇ ਪ੍ਰਵਾਨ ਨਹੀਂ ਕੀਤਾ ਜਾਵੇਗਾ ਪਰ ਕੌੜੀਆਂ ਸੱਚਾਈਆਂ ਨੂੰ ਲੁਕੋਇਆ ਨਹੀਂ ਜਾ ਸਕਦਾ। ਮੈਂ ਨਿੱਜੀ ਤੌਰ ਉਤੇ ਮੋਦੀ ਦੇ ਵਿਰੁੱਧ ਨਹੀਂ ਹਾਂ। ਉਨ੍ਹਾਂ ਵਿੱਚ ਕਈ ਇਹੋ ਜਿਹੀਆਂ ਖੂਬੀਆਂ ਹਨ, ਜਿਨ੍ਹਾਂ ਨਾਲ 2014 ਦੇ ਚੋਣ ਪ੍ਰਚਾਰ ਵਿੱਚ ਉਨ੍ਹਾਂ ਨੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ, ਪਰ ਬਦਕਿਸਮਤੀ ਨਾਲ ਉਹ ਆਪਣੀਆਂ ਹੀ ਗਲਤੀਆਂ ਦਾ ਸ਼ਿਕਾਰ ਹੋ ਗਏ ਹਨ। ਸ਼ਾਇਦ ਉਨ੍ਹਾਂ ਨੂੰ ਨਹੀਂ ਪਤਾ ਕਿ ਗਲਤੀ ਕਿੱਥੇ ਅਤੇ ਕਦੋਂ ਹੋਈ?

ਮੈਂ ਮੋਦੀ ਦੀਆਂ ਚੰਗਿਆਈਆਂ ਅਤੇ ਬੁਰਾਈਆਂ ਦੇ ਵਿਸਥਾਰ 'ਚ ਨਹੀਂ ਜਾਣਾ ਚਾਹੁੰਦਾ। ਇਹ ਕੰਮ ਮੈਂ ਆਮ ਚੋਣਾਂ ਦੇ ਨਤੀਜੇ ਜਾਣਨ ਤੋਂ ਬਾਅਦ ਕਰ ਸਕਦਾ ਹਾਂ। ਕਹਾਵਤ ਹੈ ਕਿ ਕਿਸੇ ਸਮਾਜ ਨੂੰ ਉਹੋ ਜਿਹੇ ਨੇਤਾ ਮਿਲਦੇ ਹਨ, ਜਿਸ ਦੇ ਉਹ ਕਾਬਿਲ ਹੁੰਦਾ ਹੈ, ਪਰ ਭਾਰਤੀ ਸਿਆਸਤ ਦੇ ਸੱਤ ਦਹਾਕਿਆਂ ਦਾ ਇਤਿਹਾਸ ਦੇਖਦਿਆਂ ਆਮ ਤੌਰ 'ਤੇ ਮਹਿਸੂਸ ਕੀਤਾ ਜਾਂਦਾ ਹੈ ਕਿ ਦੇਸ਼ ਉਨ੍ਹਾਂ ਨਾਲੋਂ ਚੰਗੇ ਨੇਤਾਵਾਂ ਦਾ ਹੱਕਦਾਰ ਸੀ, ਜਿਹੋ ਜਿਹੇ ਇਸ 'ਤੇ ਰਾਜ ਕਰ ਗਏ ਜਾਂ ਭਾਰਤ ਦੇ ਭੋਲੇ ਭਾਲੇ ਲੋਕਾਂ 'ਤੇ ਠੋਸੇ ਗਏ। ਅਜਿਹਾ ਕਿਉਂ ਹੈ? ਅਸਲ 'ਚ ਮੁਨਾਫੇ ਦੀ ਸਿਆਸਤ ਕਾਰਨ ਅਜਿਹੇ ਨੇਤਾ ਪੈਦਾ ਹੋ ਰਹੇ ਹਨ, ਜੋ ਸਮਾਜਿਕ ਭਲਾਈ ਦੀ ਬਜਾਏ ਨਿੱਜੀ ਫਾਇਦੇ 'ਚ ਵੱਧ ਦਿਲਚਸਪੀ ਰੱਖਦੇ ਹਨ। ਇਹ ਕੋਈ ਆਮ ਟਿੱਪਣੀ ਨਹੀਂ ਹੈ, ਸਗੋਂ ਨੇਤਾਵਾਂ ਅਤੇ ਲੋਕਾਂ ਦੀ ਨਿਗਰਾਨੀ 'ਤੇ ਆਧਾਰਿਤ ਹੈ। ਅਸਲ 'ਚ ਪਿਛਲੇ ਚਾਰ ਦਹਾਕਿਆਂ 'ਚ ਲੀਡਰਸ਼ਿਪ ਦੇ ਗੁਣਾਂ 'ਚ ਲਗਾਤਾਰ ਕਮੀ ਆਈ ਹੈ। ਮੈਂ ਇਹ ਮੁੱਦੇ ਇਕ ਚਿੰਤਤ ਭਾਰਤੀ ਵਜੋਂ ਉਠਾ ਰਿਹਾ ਹਾਂ, ਜੋ ਦੂਸ਼ਿਤ ਸਿਆਸੀ ਸੱਭਿਅਤਾ ਦੇ ਵਧਦੇ ਸੰਕੇਤਾਂ ਤੋਂ ਪ੍ਰੇਸ਼ਾਨ ਹੈ।

ਅੱਜ ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਜੋ ਕੁਝ ਹੁੰਦਾ ਹੈ, ਉਸ ਦੇ ਲਈ ਮੈਂ ਕਿਸੇ ਇਕ ਵਿਅਕਤੀ ਜਾਂ ਸਿਆਸੀ ਪਾਰਟੀ ਨੂੰ ਜ਼ਿੰਮੇਵਾਰ ਨਹੀਂ ਮੰਨਦਾ। ਇਸ ਸਮੇਂ ਨਾਂਹ ਪੱਖੀ ਸਿਆਸਤ ਭਾਰੂ ਹੈ, ਜੋ ਸਾਡੇ ਸਮਾਜ ਨੂੰ ਭਗਵਾ ਹਿੰਦੂਆਂ ਅਤੇ ਹੋਰਨਾਂ ਵਿੱਚ ਵੰਡ ਰਹੀ ਹੈ ਤੇ ਅਸੀਂ ਜਾਣਦੇ ਹਾਂ ਕਿ ਸਾਡੇ ਦੇਸ਼ ਵਰਗਾ ਲੋਕਤੰਤਰਿਕ ਸਿਸਟਮ ਅਜਿਹੇ ਮਾਹੌਲ 'ਚ ਠੀਕ ਤਰ੍ਹਾਂ ਨਾਲ ਪ੍ਰਫੁੱਲਿਤ ਨਹੀਂ ਹੋ ਸਕਦਾ। ਆਸਪਾਸ ਦੇਖਣ 'ਤੇ ਅੱਜ ਭਾਰਤ ਸੰਕਟਾਂ ਦੀ ਧਰਤੀ ਨਜ਼ਰ ਆਉਂਦਾ ਹੈ। ਦੇਸ਼ ਨੂੰ ਕਈ ਤਰ੍ਹਾਂ ਦੇ ਸਿਆਸੀ ਸੰਕਟਾਂ ਨੇ ਸਿਆਸੀ, ਆਰਥਿਕ ਅਤੇ ਸਮਾਜਿਕ ਹਾਸ਼ੀਏ ਉੱਤੇ ਖੜ੍ਹਾ ਕਰ ਦਿੱਤਾ ਹੈ। ਦੇਸ਼ ਵਿੱਚ ਚਰਿੱਤਰ, ਸਮਾਜਿਕ ਤੇ ਆਰਥਿਕ ਨਾਬਰਾਬਰੀ, ਫਿਰਕੂ ਸੁਹਿਰਦਤਾ ਦਾ ਸੰਕਟ ਹੈ, ਗਰੀਬੀ, ਪੱਛੜੇਪਣ, ਜਾਤ ਤੇ ਵਰਗ ਦੇ ਨਾਲ-ਨਾਲ ਗੁਣਵੱਤਾ ਭਰਪੂਰ ਸਿੱਖਿਆ, ਬੇਰੋਜ਼ਗਾਰੀ ਅਤੇ ਤਰਜੀਹਾਂ ਦਾ ਸੰਕਟ ਹੈ। ਨੇਤਾਵਾਂ ਅਤੇ ਵਿਧਾਨਕਾਰਾਂ ਦੀ ਯੋਗਤਾ 'ਚ ਗਿਰਾਵਟ ਸਪੱਸ਼ਟ ਦਿਖਾਈ ਦੇਂਦੀ ਹੈ। ਸਾਡੇ ਦੇਸ਼ 'ਚ ਇਹ ਆਫਤ ਵਰਗੀ ਸਥਿਤੀ ਵਾਂਗ ਹੈ। ਨਿਰਾਸ਼ਾ ਜਨਕ ਗੱਲ ਇਹ ਹੈ ਕਿ ਕੋਈ ਵੀ ਨੇਤਾ ਇਸ ਗੱਲ ਨੂੰ ਲੈ ਕੇ ਚਿੰਤਤ ਨਹੀਂ ਹੈ।

ਆਪਣੀ ਭਾਸ਼ਣ ਕਲਾ ਸਦਕਾ ਮੋਦੀ ਦਾ ਕੱਦ ਹੋਰ ਸਾਰੇ ਨੇਤਾਵਾਂ ਤੋਂ ਉਚਾ ਨਜ਼ਰ ਆਉਂਦਾ ਹੈ, ਪਰ ਉਹ ਆਪਣਾ ਅਕਸ ਤੇ ਖੁਦ ਨੂੰ ਅੱਗੇ ਰੱਖਣਾ ਚਾਹੁੰਦੇ ਹਨ। ਉਨ੍ਹਾਂ ਨੇ ਵਿਅਕਤੀਵਾਦ ਦੀ ਧਾਰਨਾ ਨੂੰ ਅਪਣਾ ਲਿਆ ਹੈ, ਜੋ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਸਾਹਮਣੇ ਨਹੀਂ ਆਉਣ ਦਿੰਦੀ। ਇਸ ਸੰਦਰਭ 'ਚ ਅਡਵਾਨੀ ਦੇ ਬਲਾਗ ਨੂੰ ਦੇਖਣਾ ਢੁੱਕਵਾਂ ਹੋਵੇਗਾ। ਉਨ੍ਹਾਂ ਕਿਹਾ ਹੈ ਕਿ 'ਭਾਜਪਾ ਨੇ ਕਦੇ ਵੀ ਉਨ੍ਹਾਂ ਲੋਕਾਂ ਨੂੰ ਰਾਸ਼ਟਰ ਵਿਰੋਧੀ ਨਹੀਂ ਕਿਹਾ, ਜੋ ਉਸ ਨਾਲ ਅਸਹਿਮਤ ਰਹੇ ਹੋਣ।' ਅਡਵਾਨੀ ਨੂੰ ਗਾਂਧੀਨਗਰ ਤੋਂ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ।

ਇਹ ਤਰਸ ਯੋਗ ਗੱਲ ਹੈ ਕਿ ਉਥੋਂ ਛੇ ਵਾਰ ਲੋਕ ਸਭਾ ਲਈ ਚੁਣੇ ਗਏ ਅਡਵਾਨੀ ਨੂੰ ਟਿਕਟ ਨਹੀਂ ਦਿੱਤੀ। ਅਡਵਾਨੀ ਨੇ ਕਿਹਾ, 'ਜੋ ਲੋਕ ਸਾਡੇ ਨਾਲ ਸਿਆਸੀ ਤੌਰ 'ਤੇ ਅਸਹਿਮਤ ਹੁੰਦੇ ਹਨ, ਉਨ੍ਹਾਂ ਨੂੰ ਅਸੀਂ ਭਾਰਤੀ ਰਾਸ਼ਟਰੀਅਤਾ ਦੀ ਧਾਰਨਾ ਹੇਠ ਕਦੇ ਵੀ ਰਾਸ਼ਟਰ ਵਿਰੋਧੀ ਨਹੀਂ ਕਿਹਾ। ਪਾਰਟੀ ਨਿੱਜੀ ਅਤੇ ਸਿਆਸੀ ਪੱਧਰ 'ਤੇ ਹਰ ਵਿਅਕਤੀ ਦੀ ਪਸੰਦ ਦੀ ਆਜ਼ਾਦੀ ਨੂੰ ਸਮਰਪਿਤ ਰਹੀ ਹੈ।' ਅਜਿਹਾ ਕਹਿੰਦਿਆਂ ਅਡਵਾਨੀ ਦਾ ਇਸ਼ਾਰਾ ਸਪੱਸ਼ਟ ਤੌਰ 'ਤੇ ਮੋਦੀ ਅਤੇ ਹੋਰ ਸੀਨੀਅਰ ਪਾਰਟੀ ਆਗੂਆਂ ਵੱਲ ਸੀ, ਜੋ ਵਿਰੋਧੀ ਪਾਰਟੀਆਂ ਨੂੰ ਦੇਸ਼-ਧਰੋਹੀ ਕਹਿੰਦੇ ਹਨ। ਇਸ ਗੱਲ ਨੂੰ ਨਹੀਂ ਸਮਝਿਆ ਜਾ ਰਿਹਾ ਕਿ ਜਦੋਂ ਵਿਅਕਤੀਵਾਦ, ਵਫਾਦਾਰੀ ਅਤੇ 'ਸੈਲਫ ਪ੍ਰਮੋਸ਼ਨ' ਉਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ ਤਾਂ ਲੋਕਤੰਤਰਿਕ ਸੰਸਥਾਵਾਂ ਦੇ ਨਸ਼ਟ ਹੋਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਅਸੀਂ ਅਜਿਹਾ ਚਲਨ ਇੰਦਰਾ ਗਾਂਧੀ ਦੇ ਦੌਰ 'ਚ ਦੇਖਿਆ ਹੈ ਤੇ ਅੱਜ ਇਹ ਟ੍ਰੈਂਡ ਜਾਂ ਰੁਝਾਨ ਪਿਛਲੇ ਪੰਜ ਸਾਲਾਂ 'ਚ ਮੋਦੀ ਦੇ ਕਾਰਜਕਾਲ 'ਚ ਦੇਖਣ ਨੂੰ ਮਿਲਿਆ ਹੈ। ਅਸੀਂ ਦੇਖ ਰਹੇ ਹਾਂ ਕਿ ਵਿਅਕਤੀਵਾਦੀ ਲੀਡਰਸ਼ਿਪ 'ਤੇ ਬਹੁਤ ਵੱਡਾ ਜ਼ੋਰ ਦਿੱਤਾ ਜਾ ਰਿਹਾ ਹੈ। ਸੰਸਥਾਵਾਂ, ਉਨ੍ਹਾਂ ਦੀ ਇਮਾਨਦਾਰੀ ਤੇ ਕੰਮ ਚਲਾਉਣ ਸਬੰਧੀ ਖੁਦਮੁਖਤਿਆਰੀ ਉਤੇ ਘੱਟ ਜ਼ੋਰ ਦਿੱਤਾ ਜਾਂਦਾ ਹੈ। ਇਸ ਸਥਿਤੀ 'ਚ ਭਗਵਾ ਬ੍ਰਿਗੇਡ 'ਚ ਕਈ ਨਵੇਂ ਨਵਾਬਾਂ ਤੇ ਪੱਖਪਾਤ ਨੂੰ ਸ਼ਹਿ ਮਿਲੀ ਹੈ। ਇਸ ਤੋਂ ਵੀ ਖਰਾਬ ਗੱਲ ਹੈ ਕਿ ਇਸ ਦੇ ਕਾਰਨ ਜਨਤਕ ਖੇਤਰ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ, ਜਿਸ ਨਾਲ ਸੱਤਾ ਦੇ ਨਿੱਜੀ ਉਭਾਰ ਅਤੇ ਸੰਸਥਾਗਤ ਸੁਰੱਖਿਆ ਦਾ ਚਲਨ ਵਧ ਰਿਹਾ ਹੈ। ਅਸਲ 'ਚ ਦੇਸ਼ ਦੇ ਨੌਜਵਾਨਾਂ ਦੀਆਂ ਵਧਦੀਆਂ ਇੱਛਾਵਾਂ ਦਰਮਿਆਨ ਸੰਸਥਾਵਾਂ ਦਾ ਨਸ਼ਟ ਹੋਣਾ ਦੇਸ਼ ਸਾਹਮਣੇ ਇਕ ਬੁਨਿਆਦੀ ਸੰਕਟ ਵਾਂਗ ਹੈ। ਕੀ ਅਸੀਂ ਇਸ ਅਣਸੁਖਾਵੀਂ ਸਥਿਤੀ 'ਚੋਂ ਬਾਹਰ ਆ ਸਕਦੇ ਹਾਂ? ਇਸ ਦਾ ਜਵਾਬ 2019 ਦੀਆਂ ਆਮ ਚੋਣਾਂ ਦੇ ਨਤੀਜੇ ਦੇਣਗੇ। ਅਜੇ ਤੱਕ ਇਸ ਬਾਰੇ ਸਪੱਸ਼ਟ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ।

ਬਿਨਾਂ ਸ਼ੱਕ ਸਾਡੇ ਕੁਝ ਨੇਤਾਵਾਂ 'ਚ ਆਸ ਦੀ ਕਿਰਨ ਨਜ਼ਰ ਆਉਂਦੀ ਹੈ ਅਤੇ ਅਸੀਂ ਆਸ ਕਰਦੇ ਹਾਂ ਕਿ ਉਹ ਮੌਜੂਦਾ ਢਾਂਚੇ 'ਚ ਨਹੀਂ ਢਲਣਗੇ। ਕਾਫੀ ਕੁਝ ਜਾਗਰੂਕ ਨਾਗਰਿਕਾਂ 'ਤੇ ਨਿਰਭਰ ਕਰੇਗਾ। ਉਨ੍ਹਾਂ ਨੂੰ ਸਾਡੇ ਧਰਮ ਨਿਰਪੱਖ ਬਹੁਲਤਾਵਾਦੀ ਸੰਘੀ ਸਿਧਾਂਤਾਂ ਨੂੰ ਮਜ਼ਬੂਤ ਕਰਨ ਲਈ ਕਾਫੀ ਮਿਹਨਤ ਕਰਨੀ ਪਵੇਗੀ। ਇਸ ਦੇ ਨਾਲ ਹੀ ਮੌਜੂਦ ਸਵ-ਕੇਂਦਰਿਤ ਤੇ ਗੈਰ ਸੰਵੇਦਨਸ਼ੀਲ ਤੇ ਆਪਹੁਦਰੀ ਲੀਡਰਸ਼ਿਪ ਦੀ ਬਜਾਏ ਛੋਟੇ ਅੰਦੋਲਨਾਂ ਤੇ ਸਥਾਨਕ ਖਾਹਿਸ਼ਾਂ ਨੂੰ ਉਚਿਤ ਥਾਂ ਦੇਣੀ ਪਵੇਗੀ। ਸਮੇਂ ਦੀ ਮੰਗ ਹੈ ਕਿ ਸ਼ਹਿਰੀ ਅਤੇ ਦਿਹਾਤੀ ਭਾਰਤ ਦੀਆਂ ਬਦਲ ਰਹੀਆਂ ਅਸਲੀਅਤਾਂ ਨੂੰ ਸਮਝਿਆ ਜਾਵੇ। ਆਉਣ ਵਾਲੇ ਦਿਨਾਂ 'ਚ ਕਈ ਅਣਕਿਆਸੇ ਕਾਰਨ ਭਾਰਤੀ ਸਿਆਸਤ ਨੂੰ ਨਵੀਂ ਦਿਸ਼ਾ ਦੇ ਸਕਦੇ ਹਨ।

# ਮਿਲਣਸਾਰ ਅਤੇ ਚਰਿੱਤਰਵਾਨ ਸਨ ਪੁਰਾਣੇ ਨੇਤਾ

-ਭਾਵਿਕਾ ਜੈਨ-

ਮੁੰਬਈ ਦੇ ਦਹਿਸਰ ਇਲਾਕੇ ਦੇ ਵਾਸੀ 88 ਸਾਲਾ ਜੀ ਐਚ ਦਾਸ ਨੂੰ ਸਮਝ ਨਹੀਂ ਆ ਰਹੀ ਕਿ ਲੋਕ ਸਭਾ ਚੋਣਾਂ ਬਾਰੇ ਇੰਨਾ ਹੰਗਾਮਾ ਕਿਉਂ ਹੈ? ਦਾਸ ਨੇ 1951 ਵਿੱਚ ਵੋਟ ਪਾਉਣੀ ਸ਼ੁਰੂ ਕੀਤੀ ਸੀ, ਜਦੋਂ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਚੋਣਾਂ ਹੋਈਆਂ ਸਨ। ਉਸ ਦਾ ਕਹਿਣਾ ਹੈ ਕਿ ਹਾਲਾਂਕਿ ਅੱਜਕੱਲ੍ਹ ਚੋਣਾਂ ਦਾ ਦਾਇਰਾ ਕਾਫੀ ਵੱਡਾ ਹੋ ਗਿਆ ਹੈ, ਪਰ ਉਮੀਦਵਾਰਾਂ ਦੀ ਗੁਣਵੱਤਾ ਸਮੇਂ ਦੇ ਨਾਲ ਘਟ ਗਈ ਹੈ। ਪੁਰਾਣੇ ਸਮੇਂ ਵਿੱਚ ਨੇਤਾ ਨੈਤਿਕ ਤੌਰ 'ਤੇ ਉਚ ਆਦਰਸ਼ਾਂ ਵਾਲੇ ਸਨ, ਜੋ ਗੱਲ ਅੱਜ ਦੇ ਨੇਤਾਵਾਂ 'ਚ ਨਜ਼ਰ ਨਹੀਂ ਆਉਂਦੀ।

ਮੂਲ ਤੌਰ ਉਤੇ ਉੜੀਸਾ ਦੇ ਰਹਿਣ ਵਾਲੇ ਜੀ ਐਚ ਦਾਸ ਵਿਕਾਸ ਅਧਿਕਾਰੀ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ ਅਤੇ ਉਨ੍ਹਾਂ ਨੇ ਕਿਸੇ ਵੀ ਚੋਣ ਵਿੱਚ ਵੋਟ ਪਾਉਣਾ ਦਾ ਮੌਕਾ ਨਹੀਂ ਛੱਡਿਆ। ਉਨ੍ਹਾਂ ਦਾ ਕਹਿਣਾ ਹੈ ਕਿ ਵੋਟ ਦਾ ਅਧਿਕਾਰ ਬਹੁਤ ਕੀਮਤੀ ਹੈ, ਜੋ ਸਾਨੂੰ ਕਈ ਕੁਰਬਾਨੀਆਂ ਤੋਂ ਬਾਅਦ ਮਿਲਿਆ ਹੈ। ਦਾਸ ਕਹਿੰਦੇ ਹਨ ਕਿ ਉਹ ਆਜ਼ਾਦੀ ਅੰਦੋਲਨ ਦੌਰਾਨ ਮਹਾਤਮਾ ਗਾਂਧੀ ਵੱਲੋਂ ਬਣਾਈ 'ਵਾਨਰ ਸੈਨਾ' ਦਾ ਹਿੱਸਾ ਸਨ। ਇਸ ਤੋਂ ਬਿਨਾ ਉਨ੍ਹਾਂ ਨੇ ਜ਼ਮੀਨ ਸੁਧਾਰ ਅੰਦੋਲਨ ਦੌਰਾਨ ਤੇਲੰਗਾਨਾ ਵਿੱਚ ਵਿਨੋਬਾ ਭਾਵੇ ਨਾਲ ਵੀ ਸਮਾਂ ਬਿਤਾਇਆ ਹੈ। ਉਨ੍ਹਾਂ ਦੇ ਦੱਸਣ ਅਨੁਸਾਰ ਪੁਰਾਣੇ ਤੇ ਨਵੇਂ ਨੇਤਾਵਾਂ ਵਿੱਚ ਵੱਡਾ ਫਰਕ ਉਨ੍ਹਾਂ ਤੱਕ ਪਹੁੰਚ ਦਾ ਹੈ। ਉਹ ਦੱਸਦੇ ਹਨ, "ਮੈਂ ਮੋਰਾਰਜੀ ਦੇਸਾਈ ਤੇ ਵਿਨੋਬਾ ਭਾਵੇ ਨੂੰ ਕਈ ਵਾਰ ਮਿਲਿਆ ਹਾਂ। ਉਹ ਵੱਧ ਤੋਂ ਵੱਧ ਲੋਕਾਂ ਨੂੰ ਮਿਲਣਾ ਪਸੰਦ ਕਰਦੇ ਸਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਜਾਨਣਾ ਚਾਹੁੰਦੇ ਹਨ, ਪਰ ਜੇ ਅੱਜ ਮੈਂ ਕਿਸੇ ਪਾਰਲੀਮੈਂਟ ਮੈਂਬਰ ਨੂੰ ਮਿਲਣਾ ਚਾਹੁੰਦਾ ਹਾਂ ਤਾਂ ਮੈਨੂੰ ਸ਼ਾਇਦ ਅਸਫਲ ਹੋ ਕੇ ਪਰਤਣਾ ਪਵੇ।"

ਭੁਲੇਸ਼ਵਰ ਦੇ ਵਾਸੀ ਰਾਮਸਰੂਪ ਗਰੋਡੀਆ (92 ਸਾਲਾ) ਡਾਕਟਰ ਰਾਜਿੰਦਰ ਪ੍ਰਸਾਦ ਤੇ ਵੱਲਭ ਭਾਈ ਪਟੇਲ ਨਾਲ ਬਿਤਾਏ ਦਿਨ ਯਾਦ ਕਰਦੇ ਹਨ, ਜਦੋਂ ਉਹ ਨੇਤਾ ਰਾਜਸਥਾਨ ਦੇ ਛੋਟੇ ਜਿਹੇ ਪਿੰਡ ਪਿਲਾਨੀ 'ਚ ਆਏ ਸਨ। ਰਾਮਸਰੂਪ ਨੇ ਦੱਸਿਆ, "ਮੈਂ ਉਥੇ ਪੜ੍ਹਦਾ ਹੁੰਦਾ ਸੀ ਤੇ ਸਰਦਾਰ ਪਟੇਲ ਉਥੋਂ ਥੋੜ੍ਹੀ ਦੂਰ ਇੱਕ ਹਸਪਤਾਲ ਤੋਂ ਇਲਾਜ ਕਰਾਉਣ ਆਏ ਸਨ। ਉਨ੍ਹਾਂ ਨੇ ਸਕੂਲ ਨੂੰ ਸੰਦੇਸ਼ ਭੇਜਿਆ ਕਿ ਕੀ ਵਿਦਿਆਰਥੀ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਹਨ? ਇਹ ਪੁਰਾਣੇ ਤੇ ਅੱਜ ਦੇ ਨੇਤਾਵਾਂ 'ਚ ਵੱਡਾ ਫਰਕ ਹੈ ਕਿਉਂਕਿ ਅੱਜ ਦੇ ਨੇਤਾ ਇਲਾਜ ਲਈ ਅਮਰੀਕਾ ਜਾਣਾ ਪਸੰਦ ਕਰਦੇ ਹਨ ਤੇ ਉਨ੍ਹਾਂ ਦਾ ਲੋਕਾਂ ਨਾਲ ਲਗਾਅ ਨਹੀਂ ਹੈ।" ਗਰੋਡੀਆ ਦਾ ਕਹਿਣਾ ਹੈ ਕਿ ਉਦੋਂ ਦੇ ਨੇਤਾ ਸਾਡੇ ਵਰਗੇ, ਭਾਵ ਆਮ ਲੋਕਾਂ ਵਰਗੇ ਸਨ, ਪਰ ਅੱਜ ਉਹ ਆਪਣੇ ਆਪ ਵਿੱਚ ਬ੍ਰਾਂਡ ਬਣ ਗਏ ਹਨ। ਗਰੋਡੀਆ ਇੱਕ ਬਰਾਬਰੀ ਵੱਲ ਇਸ਼ਾਰਾ ਕਰਦੇ ਹਨ; ਪਾਕਿਸਤਾਨ ਦੇ ਵਿਰੁੱਧ ਕਾਰਵਾਈ ਨੂੰ ਚੋਣ ਮੁੱਦੇ ਵਜੋਂ ਇਸਤੇਮਾਲ ਕਰਨਾ ਸ਼ੁਰੂ ਕੀਤਾ ਪਿਆ ਹੈ। ਸਾਲ 1970 ਦੇ ਦਹਾਕੇ 'ਚ ਇੰਦਰਾ ਗਾਂਧੀ ਵੀ ਭਾਰਤ-ਪਾਕਿ ਜੰਗ ਨੂੰ ਵੋਟਾਂ ਹਾਸਲ ਕਰਨ ਲਈ ਵਰਤਦੀ ਸੀ, ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਜੀਕਲ ਸਟਰਾਈਕ ਅਤੇ ਬਾਲਾਕੋਟ ਆਪ੍ਰੇਸ਼ਨ ਦੀ ਗੱਲ ਕਰਦੇ ਹਨ।

ਭੁਲੇਸ਼ਵਰ ਦੇ 97 ਸਾਲਾ ਸਰੋਜ ਪੁਰੋਹਿਤ ਦਾ ਕਹਿਣਾ ਹੈ ਕਿ ਪਹਿਲਾਂ ਚੋਣਾਂ ਵਿੱਚ ਤਿਉਹਾਰਾਂ ਵਰਗੀ ਗਹਿਮੀ-ਗਹਿਮੀ ਨਹੀਂ ਹੁੰਦੀ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਚੋਣਾਂ ਵਿੱਚ ਉਹ ਸੋਹਣੇ ਕੱਪੜੇ ਪਾ ਕੇ ਅਤੇ ਟਰੈਕਟਰ ਉੱਤੇ ਬੈਠ ਕੇ ਆਪਣੇ ਗੁਆਂਢੀਆਂ ਨਾਲ ਵੋਟ ਪਾਉਣ ਦੇ ਲਈ ਗਈ ਸੀ। ਉਨ੍ਹਾਂ ਦੱਸਿਆ, "ਮੈਂ ਸਵਰਗੀ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਜੀ ਦੀ ਪਤਨੀ ਲਲਿਤਾ ਸ਼ਾਸਤਰੀ ਜੀ ਨੂੰ ਮਿਲੀ ਅਤੇ ਅਸੀਂ ਵਿਕਾਸ, ਔਰਤਾਂ ਤੇ ਬੱਚਿਆਂ ਦੇ ਮਸਲਿਆਂ ਉਤੇ ਗੱਲ ਕੀਤੀ। ਪਹਿਲਾਂ ਉਮੀਦਵਾਰ ਸਾਡੇ ਘਰਾਂ ਜਾਂ ਪਿੰਡਾਂ ਵਿੱਚ ਪ੍ਰਚਾਰ ਕਰਨ ਆਉਂਦੇ ਸਨ ਤੇ ਅੱਜਕੱਲ੍ਹ ਉਹ ਹਰ ਜਗ੍ਹਾ ਹਨ, ਹਰ ਚੈਨਲ ਉੱਤੇ, ਰੇਡੀਓ 'ਤੇ ਪਰ ਗਲੀਆਂ ਵਿੱਚ ਨਹੀਂ ਹਨ।"

ਮਹਾਰਾਸ਼ਟਰ 'ਚ ਕੁੱਲ 28.40 ਲੱਖ ਵੋਟਰ 80 ਸਾਲ ਤੋਂ ਵੱਧ ਉਮਰ ਦੇ ਹਨ, ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਅੰਕੜਾ ਜ਼ਿਆਦਾ ਨਜ਼ਰ ਆਉਂਦਾ ਹੈ ਤੇ ਹੋ ਸਕਦਾ ਹੈ ਕਿ ਕੁਝ ਮਰ ਚੁੱਕੇ ਲੋਕਾਂ ਦੇ ਨਾਂਅ ਵੋਟਰ ਸੂਚੀਆਂ 'ਚੋਂ ਨਾ ਹਟਾਏ ਗਏ ਹੋਣ। 'ਭਾਰਤ ਛੱਡੋ ਅੰਦੋਲਨ ਵਿੱਚ ਹਿੱਸਾ ਲੈ ਚੁੱਕੇ 99 ਸਾਲਾ ਐਮ ਐਚ ਪ੍ਰਭੂ ਕਹਿੰਦੇ ਹਨ ਕਿ ਜੇ ਕੋਈ ਆਦਮੀ ਆਪਣੇ ਦੇਸ਼ ਨਾਲ ਪਿਆਰ ਕਰਦਾ ਹੈ ਤਾਂ ਉਸ ਨੂੰ ਵੋਟ ਜ਼ਰੂਰ ਪਾਉਣੀ ਚਾਹੀਦੀ ਹੈ। ਮੈਂ ਅਤੇ ਮੇਰੀ ਪਤਨੀ ਸਾਰੇ ਗੁਆਂਢੀਆਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਦੇ ਸੀ। ਪ੍ਰਭੂ ਨੇ ਦੱਸਿਆ ਕਿ ਉਹ ਮਹਾਤਮਾ ਗਾਂਧੀ, ਸੁਭਾਸ਼ ਚੰਦਰ ਬੋਸ ਤੇ ਸਰੋਜਨੀ ਨਾਇਡੂ ਨੂੰ ਵੀ ਮਿਲੇ ਹਨ। ਹਿੰਦੂ ਕਲੋਨੀ ਦੇ ਵਾਸੀ ਅਤੇ ਸੁਡੋਕੂ ਮਾਹਰ ਪੇਨੂ ਦੁੱਰਈਸਵਾਮੀ (97 ਸਾਲ) ਦੀ ਸਿਆਸਤ ਨਾਲ ਪਹਿਲੀ ਵਾਰ ਜਾਣ-ਪਛਾਣ ਉਦੋਂ ਹੋਈ, ਜਦੋਂ ਉਨ੍ਹਾਂ ਨੇ ਆਪਣੇ ਆਜ਼ਾਦੀ ਘੁਲਾਟੀਏ ਪਤੀ ਨਾਲ ਮਹਾਤਮਾ ਗਾਂਧੀ ਦਾ ਭਾਸ਼ਣ ਸੁਣਿਆ। ਪੇਨੂ ਦੱਸਦੀ ਹੈ, "ਨੇਤਾ ਆਉਂਦੇ ਅਤੇ ਸਾਨੂੰ ਮਿਲਦੇ ਸਨ, ਉਹ ਸਾਡੇ ਨਾਲ ਚਾਹ ਜਾਂ ਕੌਫੀ ਪੀਂਦੇ ਸਨ, ਪਰ ਅੱਜ ਦੇ ਨੇਤਾ ਇਕੱਲੇ ਰਹਿੰਦੇ ਹਨ।" ਉਨ੍ਹਾਂ ਦਾ ਬੇਟਾ ਡੀ ਸੁਕੁਮਾਰ ਦੱਸਦਾ ਹੈ ਕਿ ਵੋਟਾਂ ਵਾਲੇ ਦਿਨ ਉਹ (ਮਾਤਾ ਜੀ) ਅੱਜ ਵੀ ਉਤਸ਼ਾਹਤ ਹੋ ਜਾਂਦੇ ਹਨ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਸਹੇਲੀਆਂ ਨੂੰ ਮਿਲਣ ਦਾ ਮੌਕਾ ਮਿਲਦਾ ਹੈ।

# ਸਰਕਾਰੀ ਗ੍ਰਾਂਟ ਨਾਲ ਲੜੀਆਂ ਜਾਣ ਚੋਣਾਂ

-ਡਾ. ਭਰਤ ਝੁਨਝੁਨਵਾਲਾ

ਮੌਜੂਦਾ ਸਮੇਂ ਚੋਣਾਂ ਧਨਵਾਨਾਂ ਦਾ ਦੰਗਲ ਬਣ ਕੇ ਰਹਿ ਗਈਆਂ ਹਨ। ਵਿਧਾਇਕ ਦੀ ਚੋਣ ਵਿੱਚ ਪੰਜ ਕਰੋੜ ਅਤੇ ਪਾਰਲੀਮੈਂਟ ਮੈਂਬਰ ਦੀ ਚੋਣ ਵਿੱਚ 25 ਕਰੋੜ ਰੁਪਏ ਖਰਚ ਕਰਨੇ ਆਮ ਗੱਲ ਹੋ ਗਈ ਹੈ। ਧਨ ਦੀ ਕਮੀ ਕਾਰਨ ਜਨਤਾ ਦੇ ਮੁੱਦੇ ਚੁੱਕਣ ਵਾਲੇ ਆਜ਼ਾਦ ਉਮੀਦਵਾਰ ਇਸ ਤੋਂ ਬਾਹਰ ਹੋ ਗਏ ਹਨ। ਸੰਵਿਧਾਨ ਘਾੜਿਆਂ ਨੂੰ ਇਸ ਦਾ ਅਹਿਸਾਸ ਸੀ। ਉਨ੍ਹਾਂ ਇਸ ਸਮੱਸਿਆ ਦੇ ਹੱਲ ਲਈ ਚੋਣ ਕਮਿਸ਼ਨ ਦੀ ਸੁਤੰਤਰਤਾ ਰੱਖਣ ਦੀ ਵਿਵਸਥਾ ਕੀਤੀ, ਪਰ ਕਮਿਸ਼ਨ ਧਨ ਦੀ ਦੁਰਵਰਤੋਂ ਨੂੰ ਰੋਕਣ ਵਿੱਚ ਅਸਮਰੱਥ ਸਿੱਧ ਹੋਇਆ। ਸਾਡੇ ਕਾਨੂੰਨ ਵਿੱਚ ਉਮੀਦਵਾਰਾਂ ਵੱਲੋਂ ਵੱਧ ਤੋਂ ਵੱਧ ਖਰਚੇ ਦੀ ਹੱਦ ਬੰਨ੍ਹ ਦਿੱਤੀ ਗਈ, ਪਰ ਵੱਖ-ਵੱਖ ਢੰਗਾਂ ਨਾਲ ਇਸ ਦੀ ਉਲੰਘਣਾ ਕੀਤੀ ਜਾਂਦੀ ਹੈ।

ਸਾਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਹੋਰ ਦੇਸ਼ਾਂ ਵਾਂਗ ਭਾਰਤ ਵਿੱਚ ਉਮੀਦਵਾਰਾਂ ਨੂੰ ਸਰਕਾਰੀ ਗ੍ਰਾਂਟ ਦਿੱਤੀ ਜਾਵੇ। ਅਜਿਹੇ ਕਰਨ ਨਾਲ ਆਰਥਿਕ 'ਤੌਰ 'ਤੇ ਕਮਜ਼ੋਰ ਵਿਅਕਤੀਆਂ ਲਈ ਚੋਣ ਲੜਨੀ ਆਸਾਨ ਹੋ ਜਾਵੇਗੀ। ਇਹ ਵਿਵਸਥਾ ਵਰਤਮਾਨ ਵਿੱਚ ਲਗਭਗ 100 ਦੇਸ਼ਾਂ ਵਿੱਚ ਚਾਲੂ ਹੈ। ਆਸਟਰੇਲੀਆ ਵਿੱਚ 1984 ਤੋਂ ਉਮੀਦਵਾਰਾਂ ਵੱਲੋਂ ਹਾਸਲ ਕੀਤੇ ਗਏ ਵੋਟਾਂ ਦੇ ਅਨੁਪਾਤ ਵਿੱਚ ਸਰਕਾਰੀ ਗ੍ਰਾਂਟ ਦਿੱਤੀ ਜਾਂਦੀ ਹੈ। ਸ਼ਰਤ ਹੈ ਕਿ ਉਮੀਦਵਾਰ ਨੇ ਘੱਟੋ-ਘੱਟ ਚਾਰ ਫੀਸਦੀ ਵੋਟ ਹਾਸਲ ਕੀਤੇ ਹੋਣ। ਜੇ ਇਹ ਭਰੋਸਾ ਹੋਵੇ ਕਿ ਤੁਸੀਂ ਚਾਰ ਫੀਸਦੀ ਵੋਟ ਹਾਸਲ ਕਰ ਲਵੋਗੇ ਤਾਂ ਤੁਸੀਂ ਕਰਜ਼ਾ ਲੈ ਕੇ ਵੀ ਚੋਣ ਲੜ ਸਕਦੇ ਹੋ, ਫਿਰ ਗਰਾਂਟ ਦੇ ਰੂਪ ਵਿੱਚ ਮਿਲੀ ਰਕਮ ਨਾਲ ਕਰਜ਼ਾ ਦੇ ਸਕਦੇ ਹੋ। ਅਮਰੀਕਾ ਦੇ ਐਰੀਜ਼ੋਨਾ ਸੂਬੇ ਵਿੱਚ ਵਿਵਸਥਾ ਹੈ ਕਿ ਜੇ ਕੋਈ ਉਮੀਦਵਾਰ 200 ਵੋਟਰਾਂ ਤੋਂ ਪੰਜ-ਪੰਜ ਡਾਲਰ ਅਰਥਾਤ ਕੁੱਲ 1000 ਡਾਲਰ ਇਕੱਠੇ ਕਰ ਲਵੇ ਤਾਂ ਉਸ ਨੂੰ ਸਰਕਾਰ ਤੋਂ 25 ਹਜ਼ਾਰ ਡਾਲਰ ਦੀ ਰਕਮ ਚੋਣ ਲੜਨ ਨੂੰ ਮਿਲ ਜਾਂਦੀ ਹੈ। 200 ਵੋਟਰਾਂ ਦੀ ਸ਼ਰਤ ਇਸ ਲਈ ਤੈਅ ਕੀਤੀ ਹੈ ਕਿ ਫਰਜ਼ੀ ਉਮੀਦਵਾਰ ਗ੍ਰਾਂਟ ਦੀ ਮੰਗ ਨਾ ਕਰਨ। ਅਜਿਹੀ ਹੀ ਵਿਵਸਥਾ ਹਵਾਈ, ਮਿਨੀਸੋਟਾ, ਵਿਸਕਾਂਸਿਨ ਆਦਿ ਸੂਬਿਆ ਵਿੱਚ ਵੀ ਕੀਤੀਆਂ ਗਈਆਂ ਹਨ। ਇਨ੍ਹਾਂ ਵਿਵਸਥਾਵਾਂ ਦਾ ਮਕਸਦ ਹੈ ਕਿ ਆਮ ਵਿਅਕਤੀ ਚੋਣ ਲੜ ਸਕੇ ਅਤੇ ਸਹੀ ਮਾਅਨਿਆਂ ਵਿੱਚ ਲੋਕਤੰਤਰ ਸਥਾਪਤ ਹੋਵੇ।

ਇਸ ਵਿਵਸਥਾ ਦੇ ਸਾਰਥਕ ਨਤੀਜੇ ਆਏ ਹਨ। ਯੂਨੀਵਰਸਿਟੀ ਆਫ ਵਿਸਕਾਂਸਿਨ ਵੱਲੋਂ ਕੀਤੇ ਗਏ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਕਿ ਸਰਕਾਰੀ ਗ੍ਰਾਂਟ ਮਿਲਣ ਨਾਲ ਕਈ ਅਜਿਹੇ ਵਿਅਕਤੀ ਜੋ ਚੋਣ ਲੜਨ ਬਾਰੇ ਸੋਚਦੇ ਨਹੀਂ ਹਨ, ਵੀ ਚੋਣ ਲੜਨ ਨੂੰ ਤਿਆਰ ਹੋ ਜਾਂਦੇ ਹਨ। ਕਮਜ਼ੋਰ ਉਮੀਦਵਾਰਾਂ ਦੀ ਆਪਣੇ ਬਲਬੂਤੇ ਚੋਣ ਲੜਨ ਦੀ ਸਮਰੱਥਾ ਘੱਟ ਹੁੰਦੀ ਹੈ। ਸਰਕਾਰੀ ਗ੍ਰਾਂਟ ਨਾਲ ਉਨ੍ਹਾਂ ਦਾ ਹੌਸਲਾ ਵਧ ਜਾਂਦਾ ਹੈ। ਇਹ ਦੇਖਿਆ ਗਿਆ ਕਿ ਸਰਕਾਰੀ ਗ੍ਰਾਂਟ ਕਾਰਨ ਮੌਜੂਦਾ ਉਮੀਦਵਾਰਾਂ ਦੇ ਮੁੜ ਚੁਣੇ ਜਾਣ ਦੀ ਸੰਭਾਵਨਾ ਘੱਟ ਜਾਂਦੀ ਹੈ ਕਿਉਂਕਿ ਉਨ੍ਹਾਂ ਨੂੰ ਨਵੇਂ ਉਮੀਦਵਾਰਾਂ ਤੋਂ ਮੁਕਾਬਲੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਡਿਊਕ ਯੂਨੀਵਰਸਿਟੀ ਦੁਆਰਾ ਕੀਤੇ ਇਕ ਅਧਿਐਨ ਵਿੱਚ ਦੇਖਿਆ ਗਿਆ ਕਿ ਸਰਕਾਰੀ ਗ੍ਰਾਂਟ ਨਾਲ ਨਵੇਂ ਉਮੀਦਵਾਰਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ। ਚੋਣ ਵਿੱਚ ਨਵੇਂ ਮੁੱਦੇ ਉਠਦੇ ਹਨ, ਭਾਵੇਂ ਉਮੀਦਵਾਰ ਜਿੱਤੇ ਜਾਂ ਹਾਰੇ, ਚੋਣ ਮਾਹੌਲ ਦਾ ਬਦਲਾਅ ਆਉਂਦਾ ਹੈ। ਇਨ੍ਹਾਂ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਸਰਕਾਰੀ ਗ੍ਰਾਂਟ ਨਾਲ ਕਮਜ਼ੋਰ ਵਿਅਕਤੀਆਂ ਨੂੰ ਚੋਣ ਦੰਗਲ ਵਿੱਚ ਦਾਖਲ ਹੋਣ ਦਾ ਮੌਕਾ ਮਿਲਦਾ ਹੈ ਅਤੇ ਜਮਹੂਰੀ ਵਿਵਸਥਾ ਵਿੱਚ ਵੰਨ ਸੁਵੰਨਤਾ ਵਧਦੀ ਹੈ।

ਭਾਰਤ ਵਿੱਚ ਵੀ ਵਾਰ-ਵਾਰ ਇਹ ਸੁਝਾਅ ਦਿੱਤਾ ਗਿਆ ਹੈ। ਸੰਨ 1998 ਵਿੱਚ ਇੰਦਰਜੀਤ ਗੁਪਤਾ ਕਮੇਟੀ ਨੇ ਕਿਹਾ ਸੀ ਕਿ ਚੋਣਾਂ ਵਿੱਚ ਸਰਕਾਰੀ ਗ੍ਰਾਂਟ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਸਿਰਫ ਰਜਿਸਟਰਡ ਪਾਰਟੀਆਂ ਨੂੰ ਗ੍ਰਾਂਟ ਦੇਣ ਦੀ ਗੱਲ ਕਹੀ ਸੀ, ਆਜ਼ਾਦ ਉਮੀਦਵਾਰਾਂ ਨੂੰ ਗ੍ਰਾਂਟ ਦੇਣ ਦਾ ਉਨ੍ਹਾਂ ਨੇ ਸਮਰਥਨ ਨਹੀਂ ਕੀਤਾ ਸੀ। ਸੰਨ 1999 ਦੀ ਲਾਅ ਕਮਿਸ਼ਨ ਦੀ ਰਿਪੋਰਟ ਵਿੱਚ ਸੁਝਾਅ ਦਿੱਤਾ ਗਿਆ ਕਿ ਚੋਣਾਂ ਪੂਰੀ ਤਰ੍ਹਾਂ ਸਰਕਾਰੀ ਪੈਸੇ ਨਾਲ ਲੜੀਆਂ ਜਾਣ ਤੇ ਪਾਰਟੀਆਂ ਵੱਲੋਂ ਦੂਜੇ ਸਰੋਤਾਂ ਤੋਂ ਚੰਦਾ ਲੈਣ ਉੱਤੇ ਪਾਬੰਦੀ ਲਾਈ ਜਾਵੇ। ਸੰਨ 2001 ਦੀ ਸੰਵਿਧਾਨ ਸਮੀਖਿਆ ਕਮੇਟੀ ਨੇ ਲਾਅ ਕਮਿਸ਼ਨ ਦੀ ਰਿਪੋਰਟ ਦਾ ਸਮਰਥਨ ਕੀਤਾ, ਪਰ ਇਹ ਵੀ ਕਿਹਾ ਕਿ ਪਹਿਲਾਂ ਪਾਰਟੀਆਂ ਦੇ ਕੰਟਰੋਲ ਦਾ ਕਾਨੂੰਨ ਬਣਨਾ ਚਾਹੀਦਾ ਹੈ। ਇਸ ਮਗਰੋਂ ਗ੍ਰਾਂਟ ਦੇਣੀ ਚਾਹੀਦੀ ਹੈ। ਸੰਨ 2008 ਵਿੱਚ ਦੂਜੇ ਪ੍ਰਸ਼ਾਸਕੀ ਸੁਧਾਰ ਕਮਿਸ਼ਨ ਨੇ ਚੋਣਾਂ 'ਚ ਅੰਸ਼ਿਕ ਸਰਕਾਰੀ ਗਰਾਂਟ ਦੇਣ ਦੀ ਗੱਲ ਕਹੀ ਸੀ। 2016 'ਚ ਪਾਰਲੀਮੈਂਟ ਦੇ ਸਰਦ ਰੁੱਤ ਇਜਲਾਸ ਤੋਂ ਪਹਿਲਾਂ ਸਰਬ ਪਾਰਟੀ ਬੈਠਕ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ ਚੋਣਾਂ ਵਿੱਚ ਸਰਕਾਰੀ ਗ੍ਰਾਂਟ ਉੱਤੇ ਖੁੱਲ੍ਹੀ ਚਰਚਾ ਹੋਣੀ ਚਾਹੀਦੀ ਹੈ। ਮੋਦੀ ਸ਼ਾਇਦ ਪਹਿਲੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੇ ਇਸ ਦੀ ਹਮਾਇਤ ਕੀਤੀ। ਇਸ ਸੁਝਾਅ ਨੂੰ ਲਾਗੂ ਕਰਨ ਦੀ ਜ਼ਰੂਰਤ ਹੈ। ਵਿਸ਼ਵ ਪੱਧਰੀ ਤਜਰਬਿਆਂ ਅਤੇ ਦੇਸ਼ ਦੇ ਵਿਦਵਾਨਾਂ ਦੀ ਰਾਇ ਦੇ ਮੱਦੇਨਜ਼ਰ ਕਿਹਾ ਜਾ ਸਕਦਾ ਹੈ ਕਿ ਚੋਣਾਂ ਵਿੱਚ ਸਰਕਾਰੀ ਗ੍ਰਾਂਟ ਦੇ ਸਾਰਥਕ ਨਤੀਜੇ ਆਉਂਦੇ ਹਨ। ਇਹ ਗ੍ਰਾਂਟ ਕਿਹੜੀਆਂ ਸ਼ਰਤਾਂ 'ਤੇ ਦਿੱਤੀ ਜਾਵੇ, ਕਿੰਨੀ ਦਿੱਤੀ ਜਾਵੇ ਅਤੇ ਕਦੋਂ ਦਿੱਤੀ ਜਾਵੇ, ਇਸ ਦੇ ਵੱਖ-ਵੱਖ ਬਦਲ ਹੋ ਸਕਦੇ ਹਨ, ਪਰ ਇੰਨਾ ਸਪੱਸ਼ਟ ਹੈ ਕਿ ਲੋਕੰਤਤਰ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਜ਼ਰੂਰੀ ਹੈ ਕਿ ਆਮ ਵਿਅਕਤੀਆਂ ਨੂੰ ਚੋਣਾਂ ਲੜਨ ਦੇ ਸਮਰੱਥ ਬਣਾਇਆ ਜਾਵੇ। ਇਹ ਕਿਹਾ ਜਾ ਸਕਦਾ ਹੈ ਕਿ ਸਰਕਾਰੀ ਗ੍ਰਾਂਟ ਖੁਸ਼ਹਾਲ ਉਮੀਦਵਾਰਾਂ ਨੂੰ ਹੋਰ ਖੁਸ਼ਹਾਲ ਬਣਾ ਦੇਵੇਗੀ। ਅਜਿਹਾ ਨਹੀਂ ਹੈ। ਸਰਕਾਰੀ ਗਰਾਂਟ ਜੇ ਵੋਟ ਅਨੁਪਾਤ ਵਿੱਚ ਦਿੱਤੀ ਜਾਵੇ ਤਾਂ ਜਿੱਤਣ ਵਾਲੇ ਖੁਸ਼ਹਾਲ ਉਮੀਦਵਾਰਾਂ ਨੂੰ ਵੱਧ ਅਤੇ ਹਾਰਨ ਵਾਲੇ ਕਮਜ਼ੋਰ ਉਮੀਦਵਾਰਾਂ ਘੱਟ ਮਿਲੇਗੀ।

ਮੰਨ ਲਵੋ ਕਿ ਜਿੱਤਣ ਵਾਲੇ ਖੁਸ਼ਹਾਲ ਉਮੀਦਵਾਰ ਨੂੰ 40 ਫੀਸਦੀ ਵੋਟਾਂ ਮਿਲੀਆਂ ਅਤੇ ਉਸ ਨੂੰ 4,00,000 ਰੁਪਏ ਦੀ ਗ੍ਰਾਂਟ ਮਿਲੀ। ਹਾਰਨ ਵਾਲੇ ਕਮਜ਼ੋਰ ਉਮੀਦਵਾਰ ਨੂੰ 10 ਫੀਸਦੀ ਵੋਟਾਂ ਮਿਲੀਆਂ ਤੇ ਉਸ 1,00,000 ਰੁਪਏ ਦੀ ਗ੍ਰਾਂਟ ਮਿਲੀ, ਪਰ ਖੁਸ਼ਹਾਲ ਉਮੀਦਵਾਰ ਨੂੰ ਚਾਰ ਲੱਖ ਰੁਪਏ ਦੀ ਰਕਮ ਊਠ ਦੇ ਮੂੰਹ 'ਚ ਜ਼ੀਰੇ ਵਾਂਗ ਹੋਵੇਗੀ। ਇਸ ਤੋਂ ਉਲਟ ਕਮਜ਼ੋਰ ਉਮੀਦਵਾਰ ਲਈ ਇਕ ਲੱਖ ਰੁਪਏ ਦੀ ਰਕਮ ਕਾਰਗਰ ਸਿੱਧ ਹੋਵੇਗੀ। ਲਿਹਾਜ਼ਾ ਚੋਣ ਪ੍ਰਕਿਰਿਆ ਨੂੰ ਖੁਸ਼ਹਾਲ ਉਮੀਦਵਾਰਾਂ ਦੀ ਅਜ਼ਾਰੇਦਾਰੀ ਤੋਂ ਬਾਹਰ ਕੱਢਣ ਵਿੱਚ ਗ੍ਰਾਂਟ ਕਾਰਗਰ ਸਿੱਧ ਹੋਵੇਗੀ। ਮੌਜੂਦਾ ਵਿਵਸਥਾ 'ਚ ਪਾਰਲੀਮੈਂਟ ਮੈਂਬਰ ਨੂੰ ਐਮ ਪੀ ਲੈਡ ਫੰਡ ਦੀ ਅਸਿੱਧੀ ਗ੍ਰਾਂਟ ਮਿਲਦੀ ਹੈ ਜੋ ਨਵੇਂ ਉਮੀਦਵਾਰਾਂ ਲਈ ਸੰਕਟ ਪੈਦਾ ਕਰਦਾ ਹੈ। ਹਰ ਪਾਰਲੀਮੈਂਟ ਮੈਂਬਰ ਨੂੰ ਪੰਜ ਸਾਲ ਦੇ ਸਮੇਂ ਵਿੱਚ 25 ਕਰੋੜ ਰੁਪਏ ਦੇ ਕੰਮ ਕਰਾਉਣ ਦੀ ਖੁੱਲ੍ਹ ਹੁੰਦੀ ਹੈ। ਇਹ ਕੰਮ ਸਰਕਾਰੀ ਵਿਭਾਗਾਂ ਵੱਲੋਂ ਕਰਾਏ ਜਾਂਦੇ ਹਨ, ਪਰ ਦੇਖਿਆ ਜਾਂਦਾ ਹੈ ਕਿ ਪਾਰਲੀਮੈਂਟ ਮੈਂਬਰ ਦੀ ਸ਼ਹਿ ਹੇਠ ਠੇਕੇਦਾਰਾਂ ਜ਼ਰੀਏ ਇਹ ਕੰਮ ਕੀਤੇ ਜਾਂਦੇ ਹਨ। ਠੇਕੇਦਾਰਾਂ ਜ਼ਰੀਏ ਐਮ ਪੀ ਕਮਿਸ਼ਨ ਖਾ ਲੈਂਦੇ ਹਨ। ਖੁਸ਼ਹਾਲ ਪਾਰਲੀਮੈਂਟ ਮੈਂਬਰਾਂ ਨੂੰ ਛੋਟਾ ਬਣਾਉਣ ਦੀ ਥਾਂ ਸਾਡਾ ਧਿਆਨ ਛੋਟੇ ਉਮੀਦਵਾਰਾਂ ਨੂੰ ਵੱਡਾ ਕਰਨ 'ਤੇ ਹੋਣਾ ਚਾਹੀਦਾ ਹੈ। ਆਰਥਿਕ ਪੱਖੋਂ ਕਮਜ਼ੋਰ ਉਮੀਦਵਾਰਾਂ ਨੂੰ ਸਰਕਾਰੀ ਗ੍ਰਾਂਟ ਮਿਲੇ ਤਾਂ ਚੋਣ ਪ੍ਰਕਿਰਿਆ 'ਚ ਧਨ ਬਲ ਦੀ ਚੜ੍ਹਤ ਨੂੰ ਚੁਣੌਤੀ ਦੇ ਸਕਦੇ ਹਨ।

SIKH SPORTS CLUB
UNITED SPORTS CLUB
BOYS & GIRLS SOCCER CLUB
YOUTH AGES 2015 - 2002

5 PRACTICE AREAS – WEEKEND GAMES @ DIXIE & 407

BRAMPTON – CHERRYTREE & RAYLAWSON
BRAMPTON NORTH – BOVAIRD & CHINGUACOUSY RD
GORE – CASTLEMORE & GORE RD
MALTON – AIRPORT & MORNINGSTAR
SPRINGDALE – SANDALWOOD & TORBRAM

REGISTRATION $180
AFTER JUNE 1rst REGISTRATION $200

INCLUDED IN REGISTRATION
- ✓ Uniforms
- ✓ Soccer Ball
- ✓ Family Picnic
- ✓ Trophy
- ✓ Games All Summer
- ✓ Training All Summer



FORMS AVAILABLE HERE

GURDWARA SAHIB — in person Sun 12-2PM

| | | |
|---|---|---|
| Sri Guru Singh Sabha | Malton | 905 671 1662 |
| Sikh Spiritual Centre | Rexdale | 416 746 6666 |
| Sri Guru Nanak Sikh Centre (Glidden) | Brampton | 905 457 5757 |
| Sikh Sangat (Van Kirk) | Brampton | 905 495 1200 |
| Nanaksar Sahib | Brampton | |

RETAILERS

| | | |
|---|---|---|
| Singh Foods | Brampton | 905 796 2995 |
| Movie Time | Gore | 905 913 1113 |
| New City Pizza | Bramlea & Country Side | 905 792 2700 |
| Gore Meat Shop | Brampton | 905 913 0689 |
| Khalsa Travel and Tours | Springdale | 905 799 8800 |
| Doaba Sweets& Restaurant | | |
| 305 Charolais Blvd | | 905 450 1455 |
| 9705 James Potter Rd | | 905 216 7951 |
| Asian Food Centre | | |
| Chinguacousy/Williams PKWY | | Sun 12-2PM |

VOLUNTEER TO COACH A TEAM.
YOUR CHILD PLAYS FREE!
LOOKING FOR VOLUNTEER HOURS?
GET THEM FROM US!

REGISTER ONLINE
www.SIKHSPORTSCLUB.com
www.UNITEDSPORTSCLUB.ca

416 744 2999

Follow us on twitter @Sikh_SportsClub or facebook.com/SikhSportsC

Please note: no refunds after uniforms are given

KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

Best Insurance Rates
▪Auto ▪Home ▪Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
✧Immigration
✧Real Estate / Commercial Law
✧Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
○Home ○Auto
○Business ○Trucking
○R.E.S.P ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

# ਪੁਲਵਾਮਾ ਕਾਂਡ ਦਾ ਦਹਿਸ਼ਤਗਰਦ ਬਠਿੰਡਾ ਤੋਂ ਗ੍ਰਿਫਤਾਰ ਕੀਤਾ

ਬਠਿੰਡਾ, 24 ਅਪ੍ਰੈਲ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਪੁਲਸ ਨੇ ਪੁਲਵਾਮਾ ਬੰਬ ਧਮਾਕੇ ਨਾਲ ਸੰਬੰਧਤ ਇੱਕ ਦੋਸ਼ੀ ਨੂੰ ਕੱਲ੍ਹ ਬਠਿੰਡਾ ਤੋਂ ਫੜਿਆ ਹੈ, ਜੋ ਇਥੇ ਸੈਂਟਰਲ ਯੂਨੀਵਰਸਿਟੀ 'ਚ ਦੋ ਸਾਲ ਤੋਂ ਪੜ੍ਹਾਈ ਕਰ ਰਿਹਾ ਸੀ।



ਵਰਨਣ ਯੋਗ ਹੈ ਕਿ 14 ਫਰਵਰੀ 2019 ਨੂੰ ਸੀ ਆਰ ਪੀ ਐੱਫ ਦਾ ਕਾਫਲਾ ਜੰਮੂ-ਸ੍ਰੀਨਗਰ ਨੈਸ਼ਨਲ ਹਾਈਵੇ ਉੱਤੇ ਜਾ ਰਿਹਾ ਸੀ ਤਾਂ ਪੁਲਵਾਮਾ ਵਿਖੇ ਇੱਕ ਦਹਿਸ਼ਤਗਰਦ ਨੇ ਕਿਸੇ ਹੋਰ ਵਾਹਨ ਦੀ ਮਦਦ ਨਾਲ ਆਤਮਘਾਤੀ ਹਮਲਾ ਕੀਤਾ ਸੀ, ਜਿਸ ਵਿੱਚ ਹਮਲਾਵਰ ਦੇ ਮਾਰੇ ਜਾਣ ਦੇ ਨਾਲ ਚਾਲੀ ਸੀ ਆਰ ਪੀ ਐੱਫ ਦੇ ਜਵਾਨ ਵੀ ਮਾਰੇ ਗਏ ਸਨ। ਉਸ ਤੋਂ ਬਾਅਦ ਜੰਮੂ-ਕਸ਼ਮੀਰ ਪੁਲਸ ਦੀ ਟੀਮ ਨੇ ਡੂੰਘਾਈ ਨਾਲ ਜਾਂਚ ਕਰਨ ਉਪਰੰਤ ਵੱਡੀ ਗਿਣਤੀ ਵਿੱਚ ਸ਼ੱਕੀ ਲੋਕਾਂ ਉਤੇ ਮੁਕੱਦਮੇ ਦਰਜ ਕੀਤੇ ਸਨ, ਜਿਨ੍ਹਾਂ ਦੀਆਂ ਗ੍ਰਿਫਤਾਰੀਆਂ ਜਾਰੀ ਹਨ। ਉਸੇ ਤਹਿਤ ਹਿਲਾਲ ਅਹਿਮਦ ਮਿੰਟੂ ਵਾਸੀ ਚਕੋਰਾ ਜ਼ਿਲ੍ਹਾ ਪੁਲਵਾਮਾ ਦੇ ਵਿਰੁੱਧ ਥਾਣਾ ਬਨਿਹਾਲ ਵਿਖੇ ਟਾਡਾ ਦਾ ਕੇਸ ਦਰਜ ਕੀਤਾ ਗਿਆ ਸੀ ਅਤੇ ਉਸ ਦੀ ਤਲਾਸ਼ ਜਾਰੀ ਸੀ। ਪਤਾ ਲੱਗਾ ਕਿ ਉਹ 2017 ਤੋਂ ਸੈਂਟਰਲ ਯੂਨੀਵਰਸਿਟੀ ਵਿਖੇ ਐੱਮ ਐੱਡ ਦੀ ਪੜ੍ਹਾਈ ਕਰ ਰਿਹਾ ਸੀ ਤਾਂ ਦੋ ਦਿਨ ਪਹਿਲਾਂ ਜੰਮੂ-ਕਸ਼ਮੀਰ ਪੁਲਸ ਦੀ ਟੀਮ ਬਠਿੰਡਾ ਪਹੁੰਚੀ ਤੇ ਸੀ ਆਈ ਸਟਾਫ ਬਠਿੰਡਾ ਦੇ ਇੰਚਾਰਜ ਅੰਮ੍ਰਿਤਪਾਲ ਭਾਟੀ ਦੀ ਅਗਵਾਈ ਹੇਠ ਪੰਜਾਬ ਪੁਲਸ ਦੀ ਟੀਮ ਉਸ ਨਾਲ ਸਹਿਯੋਗ ਵਾਸਤੇ ਲਾਈ ਗਈ। ਦੋਵਾਂ ਟੀਮਾਂ ਨੇ ਯੂਨੀਵਰਸਿਟੀ ਜਾ ਕੇ ਪਹਿਲਾਂ ਖੁਫੀਆ ਵਿੰਗ ਨਾਲ ਮਿੰਟੂ ਦੀ ਪਛਾਣ ਕੀਤੀ ਤੇ ਕੱਲ੍ਹ ਯੂਨੀਵਰਸਿਟੀ ਪ੍ਰਬੰਧਕਾਂ ਦੇ ਧਿਆਨ 'ਚ ਲਿਆਉਣ ਦੇ ਬਾਅਦ ਮਿੰਟੂ ਨੂੰ ਯੂਨੀਵਰਸਿਟੀ ਦੇ ਵਿਹੜੇ 'ਚੋਂ ਗ੍ਰਿਫਤਾਰੀ ਕਰ ਲਿਆ। ਉਸ ਸਮੇਂ ਉਹ ਆਪਣੇ ਸਾਥੀਆਂ ਨਾਲ ਬੈਠਾ ਸੀ, ਜਿਸ ਨੂੰ ਗ੍ਰਿਫਤਾਰੀ ਹੋਣ ਦੀ ਭਿਣਕ ਵੀ ਨਹੀਂ ਸੀ। ਜਾਣਕਾਰ ਸੂਤਰਾਂ ਮੁਤਾਬਕ ਮਿੰਟੂ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਦਾ ਫੇਸਬੁਕ ਅਕਾਊਂਟ ਬਿਲਕੁਲ ਖਾਲੀ ਹੋ ਗਿਆ, ਜੋ ਓਦੋਂ ਤੱਕ ਸਹੀ ਸਲਾਮਤ ਚੱਲ ਰਿਹਾ ਸੀ ਅਤੇ ਮਿੰਟੂ ਦੇ ਪਰਵਾਰ, ਦੋਸਤਾਂ ਆਦਿ ਦੀਆਂ ਤਸਵੀਰਾਂ ਲੋਡ ਕੀਤੀਆਂ ਹੋਈਆਂ ਸਨ। ਫੇਸਬੁਕ ਅਕਾਊਂਟ ਬਾਰੇ ਪੁਲਸ ਵੀ ਸੁੰਨ ਰਹਿ ਗਈ। ਮਿੰਟੂ ਦੀ ਗ੍ਰਿਫਤਾਰੀ ਬਾਰੇ ਕਿਸੇ ਨੂੰ ਵੀ ਪਤਾ ਨਹੀਂ ਸੀ, ਪਰ ਉਸ ਦੀ ਗ੍ਰਿਫਤਾਰੀ ਹੋਣ ਤੱਕ ਉਸਦਾ ਫੇਸਬੁਕ ਅਕਾਊਂਟ ਕੋਈ ਹੋਰ ਵੀ ਚਲਾ ਰਿਹਾ ਸੀ, ਜਿਸ ਦਾ ਸਿੱਧਾ ਜਾਂ ਅਸਿੱਧਾ ਸੰਬੰਧ ਦਹਿਸ਼ਤੀ ਜਥੇਬੰਦੀਆਂ ਨਾਲ ਹੈ।

## ਲੋਹੀਆਂ ਨੇੜਲੇ ਦੋ ਪਿੰਡਾਂ ਦੀ 100 ਏਕੜ ਕਣਕ ਸੜ ਕੇ ਸੁਆਹ

ਲੋਹੀਆਂ, 24 ਅਪ੍ਰੈਲ (ਪੋਸਟ ਬਿਊਰੋ)- ਬਲਾਕ ਲੋਹੀਆਂ ਦੇ ਪਿੰਡ ਵਾੜਾ ਬੁੱਧ ਸਿੰਘ ਅਤੇ ਸੁਲਤਾਨਪੁਰ ਲੋਧੀ ਦੇ ਪਿੰਡ ਦੀਪੇਵਾਲ ਦੀ ਸਾਂਝੀ ਹੱਦ ਉਤੇ ਲੱਗੀ ਅੱਗ ਨਾਲ 100 ਏਕੜ ਦੇ ਕਣਕ ਸੜ ਗਈ ਹੈ।

ਇਸ ਮੌਕੇ ਪਿੰਡ ਵਾੜਾ ਬੁੱਧ ਸਿੰਘ, ਦੀਪੇਵਾਲ, ਜੱਕੋਪੁਰ ਖੁਰਦ, ਗੁਰੂ ਨਾਨਕ ਕਲੋਨੀ ਲੋਹੀਆਂ ਤੇ ਹੋਰ ਆਸ ਪਾਸ ਦੇ ਲੋਕਾਂ ਨੇ ਟਰੈਕਟਰ ਦੀ ਮਦਦ ਨਾਲ ਹੱਲ, ਤਵੀਆਂ ਅਤੇ ਰੂਟਾਵੇਟਰ ਚਲਾ ਕੇ ਅੱਗ 'ਤੇ ਕਾਬੂ ਪਾ ਲਿਆ, ਪਰ ਦੋ ਘੰਟੇ ਤੱਕ ਚੱਲੀ ਅੱਗ ਦੀ ਘਟਨਾ ਦੌਰਾਨ ਸੁਲਤਾਨ-ਪੁਰ ਲੋਧੀ ਤੇ ਸ਼ਾਹਕੋਟ ਦੇ ਪ੍ਰਸ਼ਾਸਨ ਨੂੰ ਇਸ ਦੀ ਜਾਣਕਾਰੀ ਮਿਲ ਜਾਣ ਦੇ ਬਾਵਜੂਦ ਫਾਇਰ ਬ੍ਰਿਗੇਡ ਦੀ ਗੱਡੀ ਜਾਂ ਕਿਸੇ ਵੀ ਉਚ ਅਧਿਕਾਰੀਆਂ ਦੇ ਨਾ ਪੁੱਜਣ ਦਾ ਕਿਸਾਨਾਂ ਤੇ ਆਮ ਲੋਕਾਂ 'ਚ ਭਾਰੀ ਰੋਸ ਪਾਇਆ ਗਿਆ। ਅੱਗ 'ਤੇ ਕਾਬੂ ਪਾਏ ਜਾਣ ਉਪਰੰਤ ਫਾਇਰ ਬ੍ਰਿਗੇਡ ਦੀ ਗੱਡੀ ਦੇ ਪੁੱਜਣ ਦੀ ਖਬਰ ਹੈ।

### ਕੈਪਟਨ ਅਮਰਿੰਦਰ ਸਿੰਘ ਦੀ ਚੇਤਾਵਨੀ

# ਜਿਸ ਮੰਤਰੀ ਦੇ ਹਲਕੇ ਤੋਂ ਉਮੀਦਵਾਰ ਹਾਰ ਗਿਆ, ਵਜ਼ੀਰੀ ਖੁੱਸ ਜਾਵੇਗੀ



ਚੰਡੀਗੜ੍ਹ, 24 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੰਤਰੀਆਂ ਤੇ ਵਿਧਾਇਕਾਂ ਨੂੰ ਦੋ ਟੁੱਕ ਚਿਤਾਵਨੀ ਦਿੱਤੀ ਹੈ ਕਿ ਜਿਸ ਮੰਤਰੀ ਦੇ ਹਲਕੇ ਤੋਂ ਕਾਂਗਰਸ ਉਮੀਦਵਾਰ ਹਾਰ ਗਿਆ, ਉਸ ਦੀ ਮੰਤਰੀ ਮੰਡਲ ਤੋਂ ਛੁੱਟੀ ਕਰ ਦਿੱਤੀ ਜਾਵੇਗੀ ਅਤੇ ਵਿਧਾਇਕ ਵਜੋਂ ਟਿਕਟ ਉੱਤੇ ਵੀ ਸਵਾਲੀਆ ਨਿਸ਼ਾਨ ਲੱਗੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਂ ਉੱਤੇ ਕਾਂਗਰਸ ਪਾਰਟੀ ਵਲੋਂ ਜਾਰੀ ਬਿਆਨ ਮੁਤਾਬਕ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਹੇਠ ਪੰਜਾਬ ਦੀਆਂ ਸਾਰੀਆਂ 13 ਸੀਟਾਂ ਜਿੱਤਣ ਦੇ ਲਈ ਫਾਰਮੂਲਾ ਤਿਆਰ ਕੀਤਾ ਗਿਆ ਹੈ ਅਤੇ ਇਸ ਜਿੱਤ ਲਈ ਮੰਤਰੀਆਂ ਤੇ ਵਿਧਾਇਕਾਂ ਦੀ ਪਾਰਟੀ ਉਮੀਦਵਾਰਾਂ ਦੀ ਜਿੱਤ ਯਕੀਨੀ ਕਰਨ ਦੇ ਲਈ ਜ਼ਿੰਮੇਵਾਰੀ ਲਾ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਕਾਂਗਰਸ ਹਾਈ ਕਮਾਨ ਦੇ ਫੈਸਲੇ ਅਨੁਸਾਰ ਜਿਹੜੇ ਮੰਤਰੀ ਆਪਣੇ ਹਲਕਿਆਂ ਤੋਂ ਕਾਂਗਰਸ ਦੀ ਜਿੱਤ ਨੂੰ ਯਕੀਨੀ ਕਰਨ ਤੋਂ ਅਸਫਲ ਰਹਿਣਗੇ, ਉਨ੍ਹਾਂ ਨੂੰ ਮੰਤਰੀ ਮੰਡਲ ਤੋਂ ਹਟਾ ਦਿੱਤਾ ਜਾਵੇਗਾ ਅਤੇ ਜਿਹੜੇ ਕਾਂਗਰਸੀ ਵਿਧਾਇਕ ਆਪਣੇ ਹਲਕਿਆਂ ਤੋਂ ਉਮੀਦਵਾਰਾਂ ਦੀ ਜਿੱਤ ਯਕੀਨੀ ਕਰਨ ਤੋਂ ਨਾਕਾਮ ਰਹੇ, ਉਨ੍ਹਾਂ ਨੂੰ ਅਗਲੀ ਵਿਧਾਨ ਸਭਾ ਚੋਣ ਵਿਚ ਟਿਕਟਾਂ ਦੇਣ ਲਈ ਨਹੀਂ ਵਿਚਾਰਿਆ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਰਟੀ ਨੇ ਵੱਖ-ਵੱਖ ਬੋਰਡਾਂ ਵਿਚ ਚੇਅਰਮੈਨ ਲਾਉਣ ਦਾ ਪੈਮਾਨਾ ਵੀ ਸਖ਼ਤ ਕਰ ਲਿਆ ਹੈ। ਮੌਜੂਦਾ ਲੋਕ ਸਭਾ ਚੋਣਾਂ ਵਿੱਚ ਨਿੱਜੀ ਕਾਰਗੁਜ਼ਾਰੀ ਦੇ ਆਧਾਰ ਉੱਤੇ ਹੀ ਚੇਅਰਮੈਨ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਸਬੰਧ ਵਿੱਚ ਸੀਨੀਆਰਟੀ ਦੀ ਥਾਂ ਕਾਰਗੁਜ਼ਾਰੀ ਵੇਖੀ ਜਾਣੀ ਹੈ। ਮੁੱਖ ਮੰਤਰੀ ਅਨੁਸ-ਾਰ ਇਹ ਫੈਸਲਾ ਪਾਰਟੀ ਵਿਚ ਕਾਰਗੁਜ਼ਾਰੀ ਦੇ ਉੱਤੇ ਆਧਾਰਤ ਸੱਭਿਆਚਾਰ ਪ੍ਰਫੁੱਲਿਤ ਕਰਨ ਲਈ ਕੀਤਾ ਗਿਆ ਹੈ।

## ਟਿਕਟ ਨਹੀਂ ਮਿਲੀ ਤਾਂ ਸਾਂਪਲਾ ਨੇ ਮੋਦੀ ਦੀ ਚੌਕੀਦਾਰੀ ਵੀ ਛੱਡੀ

ਜਲੰਧਰ, 24 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਕਾਂਗਰਸ ਨੇ ਜਿੱਥੇ ਲੋਕ ਸਭਾ ਦੀਆਂ ਚੋਣਾਂ ਲਈ ਜਿੱਤ ਸਕਣ ਵਾਲੇ ਕੁਝ ਆਗੂਆਂ ਦੇ ਨਾਲ ਵਿਧਾਇਕਾਂ ਨੂੰ ਵੀ ਚੋਣ ਮੈਦਾਨ ਵਿੱਚ ਉਤਾਰਿਆ ਹੈ, ਉਥੇ ਭਾਜਪਾ ਨੇ ਸੂਬੇ ਤੋਂ ਪਾਰਟੀ ਦੇ ਇੱਕੋ-ਇੱਕ ਕੇਂਦਰੀ ਮੰਤਰੀ ਵਿਜੇ ਸਾਂਪਲਾ ਦੀ ਛੁੱਟੀ ਕਰ ਦਿੱਤੀ ਅਤੇ ਉਸ ਦੀ ਥਾਂ ਵਿਧਾਇਕ ਸੋਮ ਪ੍ਰਕਾਸ਼ 'ਤੇ ਭਰੋਸਾ ਪ੍ਰਗਟਾਇਆ ਹੈ। ਫਗਵਾੜਾ ਤੋਂ ਵਿਧਾਇਕ ਸੋਮ ਪ੍ਰਕਾਸ਼ ਨੂੰ ਹੁਸ਼ਿਆਰਪੁਰ ਤੋਂ ਟਿਕਟ ਮਿਲਦਿਆਂ ਸਾਰ ਵਿਜੇ ਸਾਂਪਲਾ ਬਾਗੀ ਹੋ ਗਏ। ਸੋਸ਼ਲ ਮੀਡੀਆ ਉੱਤੇ ਉਨ੍ਹਾਂ ਪਾਰਟੀ ਵਿਰੁੱਧ ਆਪਣੀ ਭੜਾਸ ਕੱਢੀ ਹੈ।

ਵਿਜੇ ਸਾਂਪਲਾ ਨੇ ਸਭ ਤੋਂ ਪਹਿਲਾਂ ਆਪਣੇ ਨਾਂਅ ਅੱਗੇ ਲੱਗੇ 'ਚੌਕੀਦਾਰ' ਸ਼ਬਦ ਨੂੰ ਹਟਾਇਆ ਅਤੇ ਫਿਰ ਭੜਾਸ ਕੱਢਣ ਦਾ ਦੌਰ ਸ਼ੁਰੂ ਕੀਤਾ। ਉਨ੍ਹਾਂ ਨੇ ਲਿਖਿਆ ਕਿ ਭਾਜਪਾ ਨੇ ਉਨ੍ਹਾਂ ਦੀ ਟਿਕਟ ਕੱਟ ਕੇ ਗਊ ਹੱਤਿਆ ਕੀਤੀ ਹੈ। ਸਾਂਪਲਾ ਇਥੇ ਨਹੀਂ ਰੁਕੇ, ਸੋਸ਼ਲ ਮੀਡੀਆ 'ਤੇ ਉਨ੍ਹਾਂ ਨੇ ਹਲਕੇ ਵਿੱਚ ਕੀਤੇ ਵਿਕਾਸ ਕਾਰਜਾਂ ਦੀ ਰਿਪੋਰਟ ਪੇਸ਼ ਕੀਤੀ ਤੇ ਲਿਖਿਆ ਕਿ ਜੇ ਇੰਨੇ ਕੰਮ ਕਰਨ ਦੇ ਬਾਵਜੂਦ ਟਿਕਟ ਨਹੀਂ ਮਿਲਦੀ ਤਾਂ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਜਿਹੀ ਗਲਤੀ ਨਾ ਦੁਹਰਾਉਣ ਲਈ ਕਹਿਣਗੇ। ਸਾਂਪਲਾ ਦੀ ਨਾਰਾਜ਼ਗੀ ਨੂੰ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਵੀ ਸੋਸ਼ਲ ਮੀਡੀਆ 'ਤੇ ਰਹੀ ਦੱਸਿਆ ਜਾ ਰਿਹਾ ਹੈ। ਸਿਆਸਤ ਦੇ ਮਾਹਰਾਂ ਮੁਤਾਬਕ ਪਾਰਟੀ ਦਾ ਫੈਸਲਾ ਸਮਝ ਕੇ ਸਾਂਪਲਾ ਨੂੰ ਹੈਰਾਨ ਨਹੀਂ ਹੋਣਾ ਚਾਹੀਦਾ। ਕਾਫੀ ਕੁਝ ਓਦੋਂ ਹੀ ਸਾਫ ਹੋ ਗਿਆ ਸੀ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੁਝ ਸਮਾਂ ਪਹਿਲਾਂ ਜਲੰਧਰ ਦੀ ਇੱਕ ਯੂਨੀਵਰਸਿਟੀ ਦੇ ਇੱਕ ਸਮਾਗਮ ਵਿੱਚ ਹਿੱਸਾ ਲੈਣ ਆਏ ਸਨ। ਆਪਣੇ ਭਾਸ਼ਣ ਦੌਰਾਨ ਮੋਦੀ ਨੇ ਆਪਣੇ ਮੰਤਰੀ ਦੀ ਕੋਈ ਚਰਚਾ ਤੱਕ ਨਹੀਂ ਕੀਤੀ ਸੀ।

# ਹਵਾਈ ਅੱਡੇ ਤੋਂ 76 ਲੱਖ ਦਾ ਸੋਨਾ ਫੜ੍ਹਿਆ ਗਿਆ



ਐਸ ਏ ਐਸ ਨਗਰ, 24 ਅਪ੍ਰੈਲ (ਪੋਸਟ ਬਿਊਰੋ)- ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ 'ਤੇ ਕੱਲ੍ਹ ਜਹਾਜ਼ ਦੀ ਜਾਂਚ ਦੌਰਾਨ ਉਸ ਵਿੱਚੋਂ 20 ਸੋਨੇ ਦੇ ਬਿਸਕੁਟ (2330 ਗ੍ਰਾਮ ਸੋਨਾ) ਬਰਾਮਦ ਹੋਏ। ਫੜੇ ਗਏ ਸੋਨੇ ਦੇ ਬਿਸਕੁਟਾਂ ਦਾ ਮਾਰਕੀਟ ਮੁੱਲ ਕਰੀਬ 76.28 ਲੱਖ ਰੁਪਏ ਦੱਸਿਆ ਜਾ ਰਿਹਾ ਹੈ। ਇਸ ਸੋਨਾ ਮਾਨਸਾ ਵਾਸੀ ਰਾਮਬੀਰ (35) ਦੁਬਈ ਤੋਂ ਗੈਰ ਕਾਨੂੰਨੀ ਢੰਗ ਨਾਲ ਭਾਰਤ ਲੈ ਕੇ ਆਇਆ ਹੈ।

ਕਸਟਮ ਵਿਭਾਗ ਨੇ ਦੱਸਿਆ ਕਿ ਚੰਡੀਗੜ੍ਹ ਹਵਾਈ ਅੱਡੇ 'ਤੇ ਸਵੇਰੇ 11.25 ਵਜੇ ਇੰਡੀਗੋ ਦਾ ਜਹਾਜ਼ ਦੁਬਈ ਤੋਂ ਚੰਡੀਗੜ੍ਹ ਪੁੱਜਾ ਸੀ। ਜਾਂਚ ਕੀਤੀ ਤਾਂ ਇਕ ਕਾਲੇ ਰੰਗ ਦੀ ਰੱਸੀ ਵਰਗੀ ਟੇਪ ਵਿੱਚ ਸੋਨੇ ਦੇ 20 ਬਿਸਕੁਟਾਂ ਨੂੰ ਲਪੇਟ ਕੇ ਸੀਟ ਕੋਲ ਰੱਖਿਆ ਹੋਇਆ ਸੀ। ਸੋਨੇ ਦੀ ਬਾਜ਼ਾਰੀ ਕੀਮਤ ਕਰੀਬ 76.28 ਲੱਖ ਰੁਪਏ ਦੱਸੀ ਜਾ ਰਹੀ ਹੈ। ਕਸਟਮ ਵਿਭਾਗ ਨੇ ਮਾਨਸਾ ਦੇ ਰਾਮਬੀਰ ਸਿੰਘ ਨੂੰ ਕਸਟਮ ਐਕਟ 1962 ਤਹਿਤ ਗ੍ਰਿਫਤਾਰ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਦੁਬਈ ਤੋਂ ਆਉਣ ਵਾਲੇ ਜਹਾਜ਼ ਸੋਨਾ ਸਮੱਗਲਿੰਗ ਦਾ ਜ਼ਰੀਆ ਬਣ ਰਹੇ ਹਨ। ਸੱਤ ਦਿਨ ਪਹਿਲਾਂ ਵੀ ਕਸਟਮ ਵਿਭਾਗ ਨੇ ਦੁਬਈ ਤੋਂ ਚੰਡੀਗੜ੍ਹ ਆ ਰਹੀ ਇਸੇ ਫਲਾਈਟ 'ਚੋਂ ਸੋਨੇ ਦੇ 30 ਬਿਸਕੁਟ ਬਰਾਮਦ ਕੀਤੇ ਸਨ, ਜਿਨ੍ਹਾਂ ਦਾ ਵਜ਼ਨ ਸਾਢੇ ਤਿੰਨ ਕਿੱਲੋ ਤੇ ਕੀਮਤ 1.14 ਕਰੋੜ ਰੁਪਏ ਸੀ, ਸਾਫ ਹੈ ਕਿ ਇਕ ਹਫਤੇ ਦੌਰਾਨ ਹੀ ਦੁਬਈ ਤੋਂ ਆਉਣ ਵਾਲੀਆਂ ਫਲਾਈਟਾਂ 'ਚ ਕੁੱਲ 5.830 ਕਿਲੋ ਵਜ਼ਨ ਦੇ 50 ਸੋਨੇ ਦੇ ਬਿਸਕੁਟ ਬਰਾਮਦ ਹੋ ਚੁੱਕੇ ਹਨ।

ALLKIND INSURANCE
NOW HIRING !!!
●LIFE INSURANCE ●SUPER VISA INSURANCE
●CRITICAL ILLNESS INS ●MORTGAGE INSURANCE
●TRAVEL & VISITOR INS ●DISABILITY INSURANCE
●RESP & TFSA & RRSP ●FUNERAL INSURANCE
SIMRAN SAINI 416.994.7272
www.allkindinsurance.com

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Email: info@hsbatax.com
Prabhjot Kaur Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

## ਦਰਸ਼ਨੀ ਡਿਉਢੀ ਕੇਸ ਦੀ ਫਾਈਲ ਗਾਇਬ ਹੋਣ ਦੀ ਚਰਚਾ ਸ਼ੁਰੂ

ਅੰਮ੍ਰਿਤਸਰ, 24 ਅਪ੍ਰੈਲ (ਪੋਸਟ ਬਿਊਰੋ)- ਕੀ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਦਰਸ਼ਨੀ ਡਿਉਢੀ ਦੇ ਕੇਸ ਵਾਲੀ ਫਾਈਲ ਗਾਇਬ ਹੋ ਚੁੱਕੀ ਹੈ? ਇਸ ਦੀ ਚਰਚਾ ਸ਼੍ਰੋਮਣੀ ਕਮੇਟੀ ਦੇ ਗਲਿਆਰਿਆਂ ਵਿੱਚ ਹੈ। ਕੋਈ ਵੀ ਅਧਿਕਾਰੀ ਇਸ ਦੀ ਖੁੱਲ੍ਹ ਕੇ ਪੁਸ਼ਟੀ ਨਹੀਂ ਕਰ ਰਿਹਾ, ਪਰ ਦੱਬੀ ਜ਼ੁਬਾਨ ਵਿੱਚ ਕਿਹਾ ਜਾ ਰਿਹਾ ਹੈ ਕਿ ਉਸ ਫਾਈਲ ਵਿੱਚ ਕਈ ਏਦਾਂ ਦੇ ਰਾਜ਼ ਹਨ, ਜੇ ਉਹ ਜਨਤਕ ਹੋ ਜਾਣ ਤਾਂ ਕਈ ਅਧਿਕਾਰੀਆਂ ਦੀ ਬਲੀ ਦੇਣੀ ਪੈ ਸਕਦੀ ਹੈ। ਮਿਲੀ ਜਾਣਕਾਰੀ ਮੁਤਾਬਕ ਗੁਰਦ-ਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਦਰਸ਼ਨੀ ਡਿਉਢੀ ਦੇ ਕੇਸ ਵਾਲੀ ਫਾਈਲ ਵਿੱਚ ਮੌਜੂਦ ਮਤੇ ਵੀ ਵਿਵਾਦਤ ਦੱਸੇ ਗਏ ਹਨ। ਇੱਕ ਮਤੇ ਵਿੱਚ ਕਿਹਾ ਗਿਆ ਸੀ ਕਿ ਡਿਉਢੀ ਦੀ ਸੇਵਾ ਬਾਬਾ ਜਗਤਾਰ ਸਿੰਘ ਨੂੰ ਸੌਂਪ ਦਿੱਤੀ ਜਾਵੇ, ਦੂਸਰੇ ਮਤੇ ਰਾਹੀਂ ਸੇਵਾ ਪੈਂਡਿੰਗ ਕੀਤੀ ਗਈ ਸੀ ਤੇ ਉਸ ਦਾ ਕਿਸੇ ਨੂੰ ਅਤਾ ਪਤਾ ਹੀ ਨਹੀਂ। ਦੱਸਿਆ ਜਾ ਰਿਹਾ ਹੈ ਕਿ ਪਹਿਲੇ ਮਤੇ ਦੀ ਕਾਪੀ ਮੁੱਖ ਸਕੱਤਰ, ਸੁਪਰਡੈਂਟ ਬ੍ਰਾਂਚ 85, ਕਾਰ ਸੇਵਾ ਵਾਲੇ ਬਾਬੇ ਦੇ ਨਾਲ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਮੈਨੇਜਰ ਨੂੰ ਭੇਜੀ ਗਈ ਸੀ, ਪਰ ਪੈਂਡਿੰਗ ਰੱਖੇ ਜਾਣ ਦੇ ਮਤੇ ਦੀ ਕਾਪੀ ਕੇਵਲ ਇੰਚਾਰਜ 85 ਨੂੰ ਭੇਜੀ ਗਈ ਸੀ। ਇਸ ਉੱਤੇ ਵੀ ਦੋ ਸਕੱਤਰਾਂ ਦੇ ਦਸਤਖਤ ਹਨ, ਜਿਨ੍ਹਾਂ ਵਿੱਚੋਂ ਇੱਕ ਦਾ ਨਾਂਅ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਦਰਸ਼ਨੀ ਡਿਉਢੀ ਮਾਮਲੇ ਵਿੱਚ ਬੋਲਦਾ ਹੈ।

A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com
#1 RE/MAX
RE/MAX GOLD REALTY INC. BROKERAGE
KAMAL SANDHU
Sales Representative
647.891.0143
Off: 905.456.1010



## ਚੀਨ ਸਰਹੱਦ ਤੱਕ ਸੜਕ ਉਸਾਰੀ ਦੀ ਰੁਕਾਵਟ ਹੋਈ ਦੂਰ, ਪੁਲ ਤਿਆਰ

ਪਿਥੌਰਾਗੜ੍ਹ, 24 ਅਪ੍ਰੈਲ (ਪੋਸਟ ਬਿਊਰੋ)- ਚੀਨ ਸਰਹੱਦ ਤੱਕ ਸੜਕ ਬਣਨ ਦੀ ਰੁਕਾਵਟ ਦੂਰ ਹੋ ਗਈ ਹੈ। ਸਰਹੱਦ ਸੜਕ ਸੰਗਠਨ ਨੇ ਸੰਵੇਦਨਸ਼ੀਲ ਨਜੰਗ ਵਿੱਚ ਪੁਲ ਬਣਾ ਲਿਆ ਹੈ। ਪੰਜ ਕਿਲੋਮੀਟਰ ਸੜਕ ਦੀ ਉਸਾਰੀ ਹੋਣ ਦੇ ਬਾਅਦ ਕੈਲਾਸ਼ ਮਾਨਸਰੋਵਰ ਯਾਤਰਾ ਦਾ ਅੰਤਿਮ ਪੜਾਅ ਨਾਬੀਢਾਂਗ ਵੀ ਸੜਕ ਨਾਲ ਜੁੜ ਜਾਏਗਾ। ਭੂਗੋਲਿਕ ਰੂਪ ਤੋਂ ਬੇਹੱਦ ਦੂਰ ਲਖਨਪੁਰ ਤੋਂ ਨਜੰਗ ਤੱਕ ਹਿੱਸਾ ਬੇਹੱਦ ਸੰਵੇਦਨਸ਼ੀਲ ਹੈ। ਬੀਤੇ ਸਾਲ ਇਥੇ ਹੋਈ ਬਰਫਬਾਰੀ ਨਾਲ ਕੈਲਾਸ਼ ਮਾਨਸਰੋਵਰ ਯਾਤਰਾ ਦਾ ਰਾਹ ਬੰਦ ਹੋ ਗਿਆ ਸੀ। ਇਸ ਕਾਰਨ ਓਦੋਂ ਕੈਲਾਸ਼ ਮਾਨਸਰੋਵਰ ਯਾਤਰਾ ਪੈਦਲ ਨਹੀਂ ਹੋ ਸਕੀ ਸੀ ਅਤੇ ਯਾਤਰੀਆਂ ਨੂੰ ਪਿਥੌਰਾਗੜ੍ਹ ਤੋਂ ਹੈਲੀਕਾਪਟਰ ਰਾਹੀਂ ਸਿੱਧੇ ਗੁੰਜੀ ਲੈ ਜਾਣਾ ਪਿਆ ਸੀ। ਰਸਤਾ ਬੰਦ ਹੋਣ ਕਾਰਨ ਵਿਆਸ ਘਾਟੀ ਦੇ ਲੋਕਾਂ ਨੂੰ ਮਾਈਗ੍ਰੇਸ਼ਨ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਸੀ। ਆਪਣੇ ਮੂਲ ਪਿੰਡਾਂ ਤੱਕ ਪਹੁੰਚਣ ਲਈ ਲੋਕਾਂ ਨੂੰ ਵਾਇਆ ਨੇਪਾਲ ਹੋ ਕੇ ਭਾਰਤ ਵਿੱਚ ਆਉਣਾ ਪਿਆ। ਇਸ ਦੇ ਲਈ ਨੇਪਾਲ ਸਰਕਾਰ ਦੀ ਮਦਦ ਨਾਲ ਦੋ ਅਸਥਾਈ ਪੁਲ ਬਣਾਏ ਗਏ ਸਨ।

## ਇਰਾਨ ਤੋਂ ਕੱਚਾ ਤੇਲ ਲੈਣਾ ਭਾਰਤ ਬੰਦ ਕਰੇਗਾ

### *ਸਾਊਦੀ ਅਰਬ ਵਗੈਰਾ ਤੋਂ ਬਦਲਵੇਂ ਪ੍ਰਬੰਧ ਕੀਤੇ ਜਾਣਗੇ



ਨਵੀਂ ਦਿੱਲੀ, 24 ਅਪ੍ਰੈਲ (ਪੋਸਟ ਬਿਊਰੋ)- ਅਮਰੀਕੀ ਪਾਬੰਦੀ ਤੋਂ ਮਿਲੀ ਹੋਈ ਛੋਟ ਦੀ ਮਿਆਦ ਖਤਮ ਹੋਣ ਮਗਰੋਂ ਭਾਰਤ ਸਰਕਾਰ ਇਰਾਨ ਤੋਂ ਕੱਚੇ ਤੇਲ ਦੀ ਦਰਾਮਦ ਬੰਦ ਕਰ ਦੇਵੇਗੀ। ਇਸ ਦੀ ਸਪਲਾਈ ਵਿੱਚ ਆਉਣ ਵਾਲੀ ਘਾਟ ਨੂੰ ਪੂਰਾ ਕਰਨ ਲਈ ਸਾਊਦੀ ਅਰਬ ਵਰਗੇ ਦੇਸ਼ਾਂ ਤੋਂ ਬਦਲਵੇਂ ਸਰੋਤਾਂ ਦੀ ਵਰਤੋਂ ਕੀਤੀ ਜਾਵੇਗੀ।

ਸਿਖਰਲੇ ਅਧਿਕਾਰੀਆਂ ਅਤੇ ਸਨਅਤ ਨਾਲ ਜੁੜੇ ਸੂਤਰਾਂ ਨੇ ਦੱਸਿਆ ਹੈ ਕਿ ਇਸ ਬਾਰੇ ਪ੍ਰਬੰਧ ਕੀਤੇ ਜਾ ਰਹੇ ਹਨ ਤੇ ਛੇਤੀ ਹੀ ਕੋਈ ਰਾਹ ਨਿਕਲ ਆਵੇਗਾ। ਵਰਨਣ ਯੋਗ ਹੈ ਕਿ ਟਰੰਪ ਸਰਕਾਰ ਨੇ ਬੀਤੇ ਦਿਨੀਂ ਭਾਰਤ ਸਮੇਤ ਕੁਝ ਦੇਸ਼ਾਂ ਨੂੰ ਇਰਾਨ ਤੋਂ ਕੱਚਾ ਤੇਲ ਖਰੀਦਣ ਬਾਰੇ ਮਿਲੀ ਛੋਟ ਦੀ ਮਿਆਦ (ਦੋ ਮਈ ਤੱਕ) ਅੱਗੇ ਹੋਰ ਨਾ ਵਧਾਉਣ ਦਾ ਫੈਸਲਾ ਕਰ ਲਿਆ ਸੀ। ਭਾਰਤ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ, 'ਜਦੋਂ ਤੱਕ ਛੋਟ ਫਿਰ ਸ਼ੁਰੂ ਨਹੀਂ ਹੁੰਦੀ, ਸਾਨੂੰ ਨਹੀਂ ਲੱਗਦਾ ਕਿ ਭਾਰਤ ਇਸ ਦੌਰਾਨ ਇਰਾਨ ਤੋਂ ਕੱਚੇ ਤੇਲ ਦੀ ਖਰੀਦ ਕਰੇਗਾ। ਅਸੀਂ ਇਰਾਨ ਤੋਂ ਕੱਚੇ ਤੇਲ ਦੀ ਖਰੀਦ ਬੰਦ ਕਰ ਦੇਵਾਂਗੇ।' ਉਨ੍ਹਾਂ ਕਿਹਾ ਕਿ ਇਸ ਮਹੀਨੇ ਦੇ ਅਖੀਰ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਭਾਰਤ, ਅਮਰੀਕੀ ਸਰਕਾਰ ਤੋਂ ਛੋਟ ਦੀ ਮਿਆਦ ਨੂੰ ਦੋ ਮਈ ਤੋਂ ਅੱਗੇ ਵਧਾਉਣ ਲਈ ਅਜੇ ਵੀ ਦਬਾਅ ਪਾ ਸਕਦਾ ਹੈ, ਪਰ ਸੰਭਾਵਨਾਵਾਂ ਦੇ ਆਧਾਰ 'ਤੇ ਖਰੀਦ ਨਹੀਂ ਕੀਤੀ ਜਾ ਸਕਦੀ, ਇਸ ਲਈ ਭਾਰਤ ਹਾਲ ਦੀ ਘੜੀ ਇਰਾਨ ਤੋਂ ਤੇਲ ਖਰੀਦ ਨਹੀਂ ਕਰੇਗਾ। ਚੀਨ ਤੋਂ ਬਾਅਦ ਇਰਾਨ ਤੋਂ ਤੇਲ ਖਰੀਦ ਕਰਨ ਵਾਲਾ ਭਾਰਤ ਦੂਜਾ ਸਭ ਤੋਂ ਵੱਡਾ ਖਰੀਦਦਾਰ ਹੈ। ਇਰਾਨ ਤੋਂ ਤੇਲ ਦੀ ਸਪਲਾਈ ਬੰਦ ਹੋਣ ਮਗਰੋਂ ਇਸ ਘਾਟ ਨੂੰ ਸਾਊਦੀ ਅਰਬ, ਕੁਵੈਤ, ਯੂ ਏ ਈ ਅਤੇ ਮੈਕਸਿਕੋ ਵਿਚਲੇ ਬਦਲਵੇਂ ਸਰੋਤਾਂ ਤੋਂ ਪੂਰਾ ਕੀਤਾ ਜਾਵੇਗਾ। ਪੈਟਰੋਲੀਅਮ ਮੰਤਰੀ ਧਰਮਿੰਦਰ ਪ੍ਰਧਾਨ ਨੇ ਇਕ ਟਵੀਟ ਕਰ ਕੇ ਕਿਹਾ ਹੈ ਕਿ 'ਭਾਰਤੀ ਰਿਫਾਈਨਰੀਆਂ ਲਈ ਕੱਚੇ ਤੇਲ ਦੀ ਸਪਲਾਈ ਨੂੰ ਪੂਰਾ ਕਰਨ ਦੀ ਇੱਕ ਯੋਜਨਾ ਬਣਾਈ ਗਈ ਹੈ।' ਆਈ ਓ ਸੀ ਦੇ ਚੇਅਰਮੈਨ ਸੰਜੀਵ ਸਿੰਘ ਨੇ ਕਿਹਾ ਕਿ ਭਾਰਤੀ ਰਿਫਾਈਨਰੀਆਂ ਪੈਟਰੋਲ, ਡੀਜ਼ਲ ਤੇ ਹੋਰਨਾਂ ਪੈਟਰੋਲੀਅਮ ਉਤਪਾਦਾਂ ਦੀ ਦੇਸ਼ ਵਿਆਪੀ ਮੰਗ ਨੂੰ ਪੂਰਾ ਕਰਨ ਲਈ ਤਿਆਰ ਹਨ।

## ਮਹਿਬੂਬਾ ਮੁਫਤੀ ਦੇ ਗੜ੍ਹ ਵਿੱਚ 40 ਵੋਟ ਕੇਂਦਰਾਂ ਉੱਤੇ ਇੱਕ ਵੀ ਵੋਟ ਨਹੀਂ ਪਈ



ਸ੍ਰੀਨਗਰ, 24 ਅਪ੍ਰੈਲ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੀ ਅਨੰਤਨਾਗ ਲੋਕ ਸਭਾ ਸੀਟ ਹੇਠ ਆਉਣ ਵਾਲੇ ਬਿਜਬੇਹਰਾ ਵਿਧਾਨ ਸਭਾ ਹਲਕੇ ਵਿੱਚ, ਜਿਹੜਾ ਸਾਬਕਾ ਮੁੱਖ ਮੰਤਰੀ ਮਹਿਬੂਬ ਮੁਫਤੀ ਦੇ ਗੜ੍ਹ ਮੰਨਿਆ ਜਾਂਦਾ ਹੈ। ਸਭ ਤੋਂ ਜ਼ਿਆਦਾ ਵੋਟਿੰਗ ਕੇਂਦਰ ਅਜਿਹੇ ਨਿਕਲੇ ਹਨ, ਜਿੱਥੇ ਇੱਕ ਵੀ ਵੋਟ ਨਹੀਂ ਪਈ। ਅਨੰਤਨਾਗ ਦੇ 65 ਵਿੱਚੋਂ ਚਾਲੀ ਵੋਟਿੰਗ ਕੇਂਦਰ ਬਿਜਬੇਹਰਾ ਵਿੱਚ ਸਨ ਜਿੱਥੇ ਇੱਕ ਵੀ ਵੋਟ ਨਹੀਂ ਪਾਈ ਗਈ। ਇਹ ਉਨ੍ਹਾਂ ਛੇ ਵਿਧਾਨ ਸਭਾ ਹਲਕਿਆਂ ਵਿੱਚੋਂ ਇਕ ਹੈ ਜਿੱਥੇ ਬੀਤੇ ਦਿਨ ਲੋਕ ਸਭਾ ਚੋਣਾਂ ਦੇ ਤੀਸਰੇ ਪੜਾਅ ਵਿੱਚ ਵੋਟਿੰਗ ਹੋਈ। ਲੋਕਾਂ ਨੇ ਅਨੰਤਨਾਗ ਦੇ 714 ਵੋਟਿੰਗ ਕੇਂਦਰਾਂ ਵਿੱਚ ਵੋਟ ਪਾਈ, ਪਰ ਏਥੋਂ ਦੇ ਲੋਕ ਬਾਹਰ ਨਹੀਂ ਨਿਕਲੇ। ਬਿਜਬੇਹਰਾ ਪੀ ਡੀ ਪੀ ਪਾਰਟੀ ਦੀ ਮੁਖੀ ਅਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਦਾ ਜੱਦੀ ਚੋਣ ਹਲਕਾ ਹੈ ਜਿੱਥੇ 93,289 ਲੋਕਾਂ ਲਈ 120 ਵੋਟਿੰਗ ਕੇਂਦਰ ਬਣਾਏ ਗਏ ਸਨ। ਅਨੰਤਨਾਗ ਲੋਕ ਸਭਾ ਸੀਟ ਉੱਤੇ ਚੋਣ ਦਾ ਸਮਾਂ ਸੁਰੱਖਿਆ ਕਾਰਨਾਂ ਕਰ ਕੇ ਘਟਾ ਦਿੱਤਾ ਗਿਆ ਸੀ। ਚੋਣ ਕਮਿਸ਼ਨ ਦੇ ਵੋਟਰ ਟਰਨ ਆਊਟ ਐਪ 'ਤੇ ਦਿੱਤੇ ਅੰਕੜਿਆਂ ਦੇ ਮੁਤਾਬਕ ਬਿਜਬੇਹਰਾ ਵਿਧਾਨ ਸਭਾ ਹਲਕੇ ਵਿੱਚ ਕੁੱਲ 2.04 ਫੀਸਦੀ ਵੋਟਿੰਗ ਹੋਈ ਹੈ। ਆਪਣੇ ਪਰਵਾਰ ਦੇ ਨਾਲ ਵੋਟ ਪਾਉਣ ਆਈ ਮਹਿਬੂਬਾ ਮੁਫਤੀ ਨੇ ਬੂਥ ਨੰਬਰ 35 ਉੱਤੇ ਦੁਪਹਿਰ ਢਾਈ ਵਜੇ ਵੋਟ ਪਾਈ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਅਨੰਤਨਾਗ ਦੇ ਇੱਕ ਹਿੱਸੇ ਵਿੱਚ ਵੋਟਿੰਗ ਹੋਈ ਹੈ ਜਿੱਥੇ ਸਿਰਫ 12.86 ਫੀਸਦੀ ਵੋਟਰਾਂ ਨੇ ਵੋਟ ਪਾਏ। ਇਸ ਸੀਟ 'ਤੇ 16 ਵਿਧਾਨ ਸਭਾ ਸੀਟਾਂ ਆਉਂਦੀਆਂ ਹਨ ਅਤੇ ਇਥੇ ਚੋਣਾਂ ਤਿੰਨ ਪੜਾਵਾਂ ਵਿੱਚ ਵੰਡੀਆਂ ਹੋਈਆਂ ਹਨ। ਪਹਿਲਾ ਪੜਾਅ ਬੀਤੇ ਦਿਨ ਪੂਰਾ ਹੋ ਗਿਆ, ਜਦ ਕਿ ਬਾਕੀ ਦੋ 29 ਅਪ੍ਰੈਲ ਅਤੇ ਛੇ ਮਈ ਨੂੰ ਹੋਣਗੇ।

## ਵਾਲ ਕਟਵਾਉਣ ਪਿੱਛੋਂ 80 ਹਜ਼ਾਰ ਦੇ ਬਿੱਲੇ ਦੀ ਮੌਤ

ਇੰਦੌਰ, 24 ਅਪ੍ਰੈਲ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਇੱਕ ਅਜੀਬ ਕੇਸ ਸਾਹਮਣੇ ਆਇਆ ਹੈ, ਜਿਸ ਵਿੱਚ ਇੱਕ ਔਰਤ ਨੇ ਆਪਣੇ ਬਿੱਲੇ ਦੀ ਮੌਤ ਬਾਰੇ ਪਾਰਲਰ ਦੇ ਮਾਲਕ ਉੱਤੇ ਕੇਸ ਠੋਕਿਆ ਹੈ। ਅਸਲ ਵਿੱਚ ਕਾਜਲ ਨਾਂਅ ਦੀ ਔਰਤ ਆਪਣੇ ਬਿੱਲੇ ਦੇ ਵਾਲ ਕਟਵਾਉਣ ਲਈ ਪਾਰਲਰ ਗਈ ਸੀ। ਓਥੋਂ ਆਉਣ ਤੋਂ ਬਾਅਦ ਉਸ ਬਿੱਲੇ ਦੀ ਮੌਤ ਹੋ ਗਈ। ਮਾਲਕਣ ਨੇ ਬਿੱਲੇ ਦਾ ਪੋਸਟ ਮਾਰਟਮ ਕਰਵਾਇਆ ਜਿਸ ਵਿੱਚ ਪਤਾ ਲੱਗਾ ਕਿ ਬਿੱਲੇ ਦੇ ਫੇਫੜੇ ਵਿੱਚ ਪਾਣੀ ਚਲਾ ਗਿਆ ਸੀ। ਪੋਸਟ ਮਾਰਟਮ ਤੋਂ ਬਾਅਦ ਔਰਤ ਨੇ ਪੁਲਸ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਔਰਤ ਦੀ ਸ਼ਿਕਾਇਤ ਹੈ ਕਿ ਪਾਰਲਰ ਦੇ ਮੁਲਾਜ਼ਮ ਉਸ ਦੇ ਬਿੱਲੇ ਦੇ ਮੂੰਹ 'ਤੇ ਪਾਣੀ ਮਾਰ-ਮਾਰ ਕੇ ਮੁਹਾ ਰਹੇ ਸਨ। ਸ਼ਾਇਦ ਇਸੇ ਕਾਰਨ ਪਾਣੀ ਉਸ ਦੇ ਫੇਫੜਿਆਂ 'ਚ ਚਲਾ ਗਿਆ।

## ਏਸ਼ੀਆਈ ਕੁਸ਼ਤੀ ਚੈਂਪੀਅਨਸ਼ਿਪ ਦੇ ਵਿੱਚ ਬਜਰੰਗ ਨੇ ਸੋਨ ਤਮਗਾ ਜਿੱਤਿਆ



ਨਵੀਂ ਦਿੱਲੀ, 24 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਸਟਾਰ ਪਹਿਲਵਾਨ ਬਜਰੰਗ ਪੂਨੀਆ ਨੇ ਆਪਣੀ ਸ੍ਰੇਸ਼ਟਤਾ ਨੂੰ ਕਾਇਮ ਰੱਖਦੇ ਹੋਏ ਚੀਨ 'ਚ ਚੱਲਦੀ ਏਸ਼ੀਆਈ ਕੁਸ਼ਤੀ ਚੈਂਪੀਅਨਸ਼ਿਪ ਦੇ 65 ਕਿਲੋਗਰਾਮ ਫ੍ਰੀ ਸਟਾਈਲ ਵਰਗ ਵਿੱਚ ਕੱਲ੍ਹ ਸੋਨ ਤਮਗਾ ਜਿੱਤ ਲਿਆ, ਜਦ ਕਿ ਪ੍ਰਵੀਨ ਰਾਣਾ ਨੂੰ 79 ਕਿਲੋਗਰਾਮ ਵਿੱਚ ਚਾਂਦੀ ਅਤੇ ਸਤਿਆਵ੍ਰਤ ਕਾਦਿਆਨ ਨੂੰ 97 ਕਿਲੋਗਰਾਮ ਵਿੱਚ ਕਾਂਸੀ ਤਮਗੇ ਨਾਲ ਸਬਰ ਕਰਨਾ ਪਿਆ।

ਕਾਮਨਵੈੱਲਥ ਅਤੇ ਏਸ਼ੀਆਈ ਖੇਡਾਂ ਦੇ ਸੋਨ ਤਮਗਾ ਜੇਤੂ ਅਤੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਚਾਂਦੀ ਤਮਗਾ ਜੇਤੂ ਬਜਰੰਗ ਨੇ ਫਾਈਨਲ ਵਿੱਚ ਕਜ਼ਾਕਿਸਤਾਨ ਦੇ ਸਯਾਤਬੇਕ ਓਕਾਸੋਵ ਨੂੰ 12-7 ਨਾਲ ਹਰਾਇਆ। ਉਸ ਦੇ ਸੋਨਾ ਜਿੱਤਦੇ ਹੀ ਉਸ ਦੇ ਹਰਿਆਣਾ ਦੇ ਸੋਨੀਪਤ ਵਿੱਚ ਯੋਗੇਸ਼ਵਰ ਦੱਤ ਅਖਾੜੇ 'ਚ ਖੁਸ਼ੀ ਦੀ ਲਹਿਰ ਦੌੜ ਗਈ। ਬਜਰੰਗ ਦੇ ਗੁਰੂ ਯੋਗੇਸ਼ਵਰ ਤੇ ਅਖਾੜੇ ਦੇ ਕੋਚ ਦਰੋਣਾਚਾਰੀਆ ਐਵਾਰਡੀ ਰਾਮਫਲ ਨੇ ਬਜਰੰਗ ਨੂੰ ਇਸ ਪ੍ਰਾਪਤੀ ਦੀ ਵਧਾਈ ਦਿੱਤੀ ਹੈ।

79 ਕਿਲੋਗਰਾਮ ਵਿੱਚ ਪ੍ਰਵੀਨ ਰਾਣਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਫਾਈਨਲ ਵਿੱਚ ਜਗ੍ਹਾ ਬਣਾ ਲਈ, ਪਰ ਉਸ ਨੂੰ ਚਾਂਦੀ ਤਮਗੇ ਨਾਲ ਸਬਰ ਕਰਨਾ ਪਿਆ। ਰਾਣਾ ਨੂੰ ਫਾਈਨਲ ਵਿੱਚ ਬਹਿਮਨ ਮੁਹੰਮਦ ਤੈਮੂਰੀ ਹੱਥੋਂ 0-3 ਨਾਲ ਹਾਰ ਮਿਲੀ। ਭਾਰਤ ਦੇ ਸਤਿਆਵ੍ਰਤ ਕਾਦਿਆਨ 97 ਕਿਲੋ-ਗਰਾਮ ਵਰਗ ਦੇ ਕਾਂਸੀ ਤਮਗਾ ਮੁਕਾ-ਬਲੇ ਵਿੱਚ ਪਹੁੰਚਿਆ ਤੇ ਉਸ ਨੇ ਚੀਨ ਦੇ ਹਾਓਬਿਨ ਗਾਓ ਨੂੰ 8-2 ਨਾਲ ਹਰਾਕੇ ਕਾਂਸੀ ਤਮਗਾ ਜਿੱਤਿਆ। ਰਵੀ ਕੁਮਾਰ ਨੇ 57 ਕਿਲੋਗਰਾਮ ਵਰਗ ਵਿੱਚ ਰੇਪਚੇਜ਼ ਵਿੱਚ ਤਾਈਪੇ ਦੇ ਚਿਯਾ ਸੋ ਲਿਊ ਨੂੰ 4-0 ਨਾਲ ਹਰਾ ਕੇ ਕਾਂਸੀ ਤਮਗਾ ਮੁਕਾਬਲੇ ਵਿੱਚ ਜਗ੍ਹਾ ਬਣਾਈ, ਜਿੱਥੇ ਉਸ ਨੂੰ ਈਰਾਨ ਦੇ ਯੋਨੇਸ ਓਲੀਯਕਬਾਰ ਹੱਥੋਂ 0-11 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।

ਇਸ ਦੌਰਾਨ ਏਸ਼ੀਆਈ ਖੇਡਾਂ ਦੇ ਸੋਨ ਤਮਗਾ ਜੇਤੂ ਤੇਜਿੰਦਰ ਪਾਲ ਸਿੰਘ ਤੂਰ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਬਰਕਰਾਰ ਰੱਖਦਿਆਂ ਏਸ਼ੀਆਈ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਪੁਰਸ਼ ਸ਼ਾਟਪੁੱਟ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤ ਲਿਆ ਹੈ। ਤੇਜਿੰਦਰ ਨੇ ਸੈਸ਼ਨ ਦਾ ਸਰਵਸ੍ਰੇਸ਼ਠ ਪ੍ਰਦਰਸ਼ਨ ਕਰਦਿਆਂ 20.22 ਮੀਟਰ ਤੱਕ ਥ੍ਰੋਅ ਕੀਤੀ ਅਤੇ ਸੋਨ ਤਮਗਾ ਆਪਣੇ ਨਾਂਅ ਕੀਤਾ। ਭਾਰਤ ਦਾ ਇਸ ਚੈਂਪੀਅਨਸ਼ਿਪ ਵਿੱਚ ਇਹ ਦੂਜਾ ਸੋਨ ਤਮਗਾ ਹੈ। ਸੋਮਵਾਰ ਨੂੰ ਗੋਮਤੀ ਮਰਿਮੁਥੂ ਨੇ ਮਹਿਲਾ 800 ਮੀਟਰ ਦੌੜ ਦਾ ਸੋਨ ਤਮਗਾ ਜਿੱਤਿਆ ਸੀ।

## ਇੰਦੌਰ ਵਿੱਚ ਪੁਲਸ ਨੇ ਪੰਜ ਫਰਜ਼ੀ ਇਨਕਮ ਟੈਕਸ ਅਫਸਰ ਫੜੇ



ਇੰਦੌਰ, 24 ਅਪ੍ਰੈਲ (ਪੋਸਟ ਬਿਊਰੋ)- ਇੰਦੌਰ ਵਿੱਚ ਫਿਲਮ 'ਸਪੈਸ਼ਲ 26' ਦੀ ਵਾਂਗ ਆਪਣੇ ਖੁਦ ਦੇ ਨਕਲੀ ਅਫਸਰਾਂ ਦੀ ਟੀਮ ਬਣਾ ਕੇ ਇਨਕਮ ਟੈਕਸ ਵਿਭਾਗ ਵਾਂਗ ਉਸੇ ਨਾਂਅ ਨਾਲ ਇਨਵੈਸਟੀਗੇਸ਼ਨ ਵਿੰਗ ਖੜ੍ਹੀ ਕਰ ਲੈਣ ਵਾਲਾ ਇੱਕ ਗਿਰੋਹ ਫੜਿਆ ਗਿਆ ਹੈ। ਇਸ ਨੂੰ ਇੱਕ ਰਿਟਾਇਰਡ ਕਲਰਕ ਦਾ 12ਵੀਂ ਫੇਲ੍ਹ ਬੇਟਾ ਚਲਾ ਰਿਹਾ ਸੀ। ਉਸ ਨਾਲ ਚਾਰ ਹੋਰ ਜਣੇ ਸ਼ਾਮਲ ਸਨ। ਇਨ੍ਹਾਂ ਲੋਕਾਂ ਨੇ ਇੱਕ ਮਕਾਨ ਵਿੱਚ ਬਾਕਾਇਦਾ ਦਫਤਰ ਖੋਲ੍ਹ ਕੇ ਭਰਤੀਆਂ ਵੀ ਕਰ ਲਈਆਂ ਅਤੇ ਫਰਜ਼ੀ ਇਨਕਮ ਟੈਕਸ ਅਫਸਰਾਂ ਨੇ ਨੌਕਰੀ ਦੇ ਨਾਂਅ 'ਤੇ ਕਰੀਬ 80 ਲੜਕਿਆਂ ਤੋਂ ਚਾਲੀ ਲੱਖ ਰੁਪਏ ਠੱਗ ਲਏ ਸਨ। ਪੁਲਸ ਨੇ ਇਨ੍ਹਾਂ ਕੋਲੋਂ ਆਈ ਡੀ, ਸੀਲ, ਨਿਯੁਕਤੀ ਪੱਤਰ, ਆਦੇਸ਼ ਪੱਤਰ, ਰਜਿਸਟਰ, ਲੈਪਟਾਪ, ਪ੍ਰਿੰਟਰ, ਮੋਬਾਈਲ, ਇਨਕਮ ਟੈਕਸ ਵਿਭਾਗ ਦੀ ਪਲੇਟ ਲੱਗੀ ਗੱਡੀ, ਏਅਰਗੰਨ, ਵਰਦੀ, ਬੈਚ ਅਤੇ ਭਾਰਤ ਸਰਕਾਰ ਦੀ ਵਰਦੀ ਅਤੇ ਬੈਲਟ ਬਰਾਮਦ ਕੀਤੀ ਹੈ। ਦੋਸ਼ੀ ਨੌਜਵਾਨਾਂ ਨੂੰ ਰੇਡ ਦੀ ਸਪੈਸ਼ਲ ਟਰੇਨਿੰਗ ਦਿੰਦੇ ਸਨ ਅਤੇ ਭੇਦ ਗੁਪਤ ਰੱਖਣ ਲਈ ਬਾਕਾਇਦਾ ਫਾਰਮ ਵੀ ਭਰਵਾਉਂਦੇ ਸਨ ਤੇ ਸਾਰਾ ਕੰਮ ਅਸਲੀ ਵਰਗਾ ਨਜ਼ਰ ਆਉਂਦਾ ਸੀ।

ਪੁਲਸ ਨੂੰ ਇਸ ਦੀ ਸ਼ਿਕਾਇਤ ਦੇਣ ਵਾਲੇ ਸ਼ੁਭਮ ਸਾਹੂ ਨੇ ਦੱਸਿਆ ਕਿ ਉਹ ਨੌਕਰੀ ਦੀ ਤਲਾਸ਼ ਵਿੱਚ ਸੀ ਤਾਂ ਉਸ ਦੇ ਦੋਸਤ ਪਵਨ ਦੇ ਰਾਹੀਂ ਗਿਰੋਹ ਦੇ ਸਰਗਨਾ ਦਵਿੰਦਰ ਡਾਲਰ ਨਾਲ ਮੁਲਾਕਾਤ ਹੋਈ। ਦਵਿੰਦਰ ਖੁਦ ਨੂੰ ਇੰਟੈਲੀਜੈਂਸ ਐਂਡ ਕ੍ਰਿਮੀਨਲ ਇਨਵੈਸਟੀਗੇਸ਼ਨ ਡਿਪਾਰਟਮੈਂਟ ਦਾ ਚੀਫ ਇਨਵੈਸਟੀਗੇਸ਼ਨ ਅਫਸਰ ਦੱਸਦਾ ਸੀ। ਸ਼ੁਭਮ ਦੇ ਮੁਤਾਬਕ ਦੋਸ਼ੀ ਦੇ ਘਰ, ਦਫਤਰ ਉੱਤੇ ਕਰੀਬ 25 ਲੜਕੇ ਕੰਮ ਕਰਦੇ ਸਨ, ਜਿਨ੍ਹਾਂ ਨੂੰ ਆਈ ਡੀ ਕਾਰਡ ਮਿਲਿਆ ਹੋਇਆ ਸੀ। ਦਵਿੰਦਰ ਨੇ ਜੁਆਇਨਿੰਗ ਦੇ ਤਿੰਨ ਮਹੀਨੇ ਪਿੱਛੋਂ 12 ਹਜ਼ਾਰ ਰੁਪਏ ਮਹੀਨਾ ਤਨਖਾਹ ਦੇਣ ਦੀ ਗੱਲ ਕਹੀ ਸੀ, ਪ੍ਰੰਤੂ ਉਹ ਕਦੇ ਨਹੀਂ ਮਿਲੀ। ਸ਼ੁਭਮ ਨੇ ਦਵਿੰਦਰ ਨੂੰ ਨੌਕਰੀ ਪੱਕੀ ਕਰਨ ਨੂੰ ਕਿਹਾ, ਤਾਂ ਉਸ ਨੇ ਸਾਰਿਆਂ ਤੋਂ ਪੰਜਾਹ-ਪੰਜਾਹ ਹਜ਼ਾਰ ਰੁਪਏ ਮੰਗੇ। ਉਸ ਨੇ ਦੋਸਤ ਪਵਨ ਦੇ ਨਾਲ 25-25 ਹਜ਼ਾਰ ਦਫਤਰ ਵਿੱਚ ਜਮ੍ਹਾ ਕਰਵਾ ਦਿੱਤੇ, ਪਰ ਸ਼ੁਭਮ ਨੇ ਜਦ ਪਤਾ ਲਾਇਆ ਤਾਂ ਜਾਣਕਾਰੀ ਮਿਲੀ ਕਿ 80 ਲੜਕਿਆਂ ਤੋਂ ਲੱਖਾਂ ਰੁਪਏ ਠੱਗ ਲਏ ਗਏ ਹਨ।

ਪਤਾ ਲੱਗਾ ਹੈ ਕਿ ਦੋਸ਼ੀ ਦਵਿੰਦਰ ਨੇ ਪਿਛਲੇ ਸਾਲ ਨਵੰਬਰ ਵਿੱਚ ਮੱਧ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਦੌਰਾਨ ਪੀਥਮਪੁਰ ਹਲਕੇ ਵਿੱਚ 20 ਲੜਕਿਆਂ ਨੂੰ ਚੋਣ ਡਿਊਟੀ ਕਰਨ ਦਾ ਹੁਕਮ ਵੀ ਕੀਤਾ ਸੀ। ਉਹ ਇਨਕਮ ਟੈਕਸ ਅਫਸਰ ਵਾਂਗ ਹੀ ਵਿਹਾਰ ਕਰਦਾ ਸੀ ਤੇ ਸਫੈਦ ਰੰਗ ਦੀ ਸਫਾਰੀ ਗੱਡੀ ਵਿੱਚ ਘੁੰਮਦਾ ਸੀ। ਉਸ ਨੇ ਆਪਣੀ ਸਫਾਰੀ 'ਤੇ ਭਾਰਤ ਸਰਕਾਰ ਦਾ ਮੋਨੋ ਵੀ ਲਵਾ ਰੱਖਿਆ ਸੀ ਤੇ ਗੰਨਮੈਨ, ਡਰਾਈਵਰ ਅਤੇ ਬਾਕੀਆਂ ਨੂੰ ਵਰਦੀ ਪੁਆ ਕੇ ਨਾਲ ਰੱਖਦਾ ਸੀ।

## ਭਾਜਪਾ ਨੇ ਗੋਆ ਦੀ ਸਰਕਾਰ ਬਚਾਉਣ ਲਈ ਦੋ ਲੋਕ ਸਭਾ ਸੀਟਾਂ ਦਾਅ ਉੱਤੇ ਲਾਇਆ

ਗੋਆ, 24 ਅਪ੍ਰੈਲ (ਪੋਸਟ ਬਿਊਰੋ)- ਭਾਜਪਾ ਨੇ ਗੋਆ 'ਚ ਆਪਣੀ ਸਰਕਾਰ ਬਚਾਉਣ ਲਈ ਇਸ ਰਾਜ ਤੋਂ ਦੋਵੇਂ ਲੋਕ ਸਭਾ ਸੀਟਾਂ ਦਾਅ ਉੱਤੇ ਲਾਅ ਦਿੱਤੀਆਂ ਹਨ। ਪਿਛਲੀਆਂ ਚੋਣਾਂ 'ਚ ਇਨ੍ਹਾਂ ਦੋਵੇਂ ਸੀਟਾਂ 'ਤੇ ਭਾਜਪਾ ਜਿੱਤੀ ਸੀ।

ਮਿਲਦੇ ਸੰਕੇਤਾਂ ਮੁਤਾਬਕ ਇਹ ਖਤਰਾ ਕਾਂਗਰਸ ਦੇ ਕਾਰਨ ਘੱਟ ਅਤੇ ਭਾਜਪਾ ਦੀ ਸਹਿਯੋਗੀ ਮਹਾਰਾਸ਼ਟਰਵਾਦੀ ਗੋਮਾਂਤਕ ਪਾਰਟੀ (ਐੱਮ ਜੀ ਪੀ) ਤੋਂ ਵੱਧ ਹੈ। ਭਾਜਪਾ ਦੀ ਸਹਿਯੋਗੀ ਰਹਿ ਚੁੱਕੀ ਇਸ ਪਾਰਟੀ ਨੇ ਕਮਰ ਕੱਸ ਲਈ ਹੈ ਕਿ ਉਹ ਦੋਵਾਂ ਸੀਟਾਂ ਉੱਤੇ ਭਾਜਪਾ ਨੂੰ ਹਰਾਵੇਗੀ। ਭਾਜਪਾ ਨੇ ਐੱਮ ਜੀ ਪੀ ਨੂੰ ਨੁਕਸਾਨ ਪਹੁੰਚਾਉਣ ਲਈ ਪਿਛਲੇ ਦਿਨੀਂ ਉਸ ਦੇ ਬੰਦੇ ਤੋੜ ਲਏ ਸਨ। ਮੁੱਖ ਮੰਤਰੀ ਮਨੋਹਰ ਪਾਰੀਕਰ ਦੇ ਦਿਹਾਂਤ ਪਿੱਛੋਂ ਜਦੋਂ ਨੇਤਾ ਚੁਣਨ ਦਾ ਸੰਕਟ ਚੱਲ ਰਿਹਾ ਸੀ ਤਾਂ ਐਮ ਜੀ ਪੀ ਦੇ ਨੇਤਾ ਸੁਧੀਨ ਧਵਲੀਕਰ ਨੇ ਦਬਾਅ ਬਣਾ ਕੇ ਡਿਪਟੀ ਮੁੱਖ ਮੰਤਰੀ ਦਾ ਅਹੁਦਾ ਲੈ ਲਿਆ ਸੀ, ਪਰ ਇਸ ਤੋਂ ਥੋੜ੍ਹੇ ਦਿਨ ਬਾਅਦ ਭਾਜਪਾ ਨੇ ਧਵਲੀਕਰ ਦੀ ਪਾਰਟੀ ਤੋੜ ਕੇ ਉਨ੍ਹਾਂ ਦੇ ਦੋ ਵਿਧਾਇਕਾਂ ਨੂੰ ਆਪਣੇ ਵਿੱਚ ਮਿਲਾ ਲਿਆ ਅਤੇ ਤਿੰਨਾਂ ਵਿੱਚੋਂ ਉਨ੍ਹਾਂ ਦੇ ਦੋ ਵਿਧਾਇਕ ਭਾਜਪਾ 'ਚ ਸ਼ਾਮਲ ਹੋ ਗਏ ਤਾਂ ਧਵਲੀਕਰ ਨੂੰ ਸਰਕਾਰ ਤੋਂ ਹਟਾ ਦਿੱਤਾ ਗਿਆ ਸੀ। ਐੱਮ ਜੀ ਪੀ ਇਸ ਰਾਜ ਦੀ ਸਭ ਤੋਂ ਪੁਰਾਣੀ ਪਾਰਟੀ ਹੈ ਅਤੇ ਗੋਆ ਦੀ ਮੁਕਤੀ ਪਿੱਛੋਂ ਕਈ ਸਾਲ ਤੱਕ ਇਸ ਨੇ ਰਾਜ ਕੀਤਾ ਹੈ। ਗੋਆ ਦੇ ਹਿੰਦੂ ਵੋਟਰਾਂ ਵਿੱਚ ਐੱਮ ਜੀ ਪੀ ਦਾ ਖਾਸਾ ਅਸਰ ਹੈ। ਧਵਲੀਕਰ ਅਤੇ ਉਨ੍ਹਾਂ ਦੀ ਪਾਰਟੀ ਦੇ ਦੂਜੇ ਨੇਤਾ ਭਾਜਪਾ ਨੂੰ ਹਰਾਉਣ ਲੱਗੇ ਹੋਏ ਹਨ। ਜੇ ਭਾਜਪਾ ਦੋਵਾਂ ਸੀਟਾਂ 'ਤੇ ਨਹੀਂ ਜਿੱਤਦੀ ਤਾਂ ਚੋਣਾਂ ਤੋਂ ਬਾਅਦ ਭੱਜ ਦੌੜ ਪੈ ਜਾਵੇਗੀ। ਭਾਜਪਾ ਦੀਆਂ ਦੋਵਾਂ ਸੀਟਾਂ 'ਤੇ ਖਤਰਾ ਇਸ ਲਈ ਵੀ ਹੈ ਕਿ ਪਾਰਟੀ ਕੋਲ ਕੋਈ ਨੇਤਾ ਨਹੀਂ। ਮਰਹੂਮ ਮੁੱਖ ਮੰਤਰੀ ਮਨੋਹਰ ਦੇ ਅਕਸ ਕਾਰਨ ਭਾਜਪਾ ਕੁਝ ਈਸਾਈ ਵੋਟ ਵੀ ਲੈ ਲੈਂਦੀ ਸੀ। ਉਨ੍ਹਾਂ ਦੀ ਈਮਾਨਦਾਰੀ ਤੇ ਸਾਫ ਅਕਸ ਕਾਰਨ ਵੀ ਭਾਜਪਾ ਨੂੰ ਲਾਭ ਹੁੰਦਾ ਸੀ। ਉਹ ਗੱਲ ਵੀ ਨਹੀਂ ਰਹਿ ਈ। ਤੀਜਾ ਇਸ ਸੂਬੇ ਵਿੱਚ ਆਰ ਐੱਸ ਐੱਸ ਦਾ ਕੰਮ ਦੇਖਣ ਵਾਲੇ ਸੁਭਾਸ਼ ਵੇਲਿੰਗਕਰ ਕੁਝ ਸਮਾਂ ਪਹਿਲਾਂ ਪਾਰਟੀ ਅਤੇ ਸੰਘ ਦੋਵਾਂ ਤੋਂ ਵੱਖ ਹੋ ਗਏ ਹਨ। ਚੌਥਾ ਕਾਰਨ ਇਹ ਹੈ ਕਿ ਸਾਬਕਾ ਮੁੱਖ ਮੰਤਰੀ ਲਕਸ਼ਮੀਕਾਂਤ ਪਰਸੇਕਰ ਨੂੰ ਚੋਣਾਂ ਵਿੱਚ ਹਰਾਉਣ ਵਾਲੇ ਦਿਆਨੰਦ ਸੋਤੇ ਨੂੰ ਭਾਜਪਾ ਨੇ ਆਪਣੇ ਨਾਲ ਲੈ ਲਿਆ ਅਤੇ ਉਨ੍ਹਾਂ ਦੀ ਰਵਾਇਤੀ ਸੀਟ ਉਸੇ ਨੂੰ ਦੇ ਦਿੱਤੀ ਹੈ, ਜਿਸ ਨੇ ਭਾਜਪਾ ਆਗੂ ਨੂੰ ਹਰਾਇਆ ਸੀ।

ASIAN FOOD CENTRE





SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109

NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW

FREE CONSULTATION !



Avtar Uppal
Manager





Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6




## ਅੱਤਵਾਦੀ ਗਰੁੱਪ ਨੇ ਪੱਤਰਕਾਰ ਦੀ ਹੱਤਿਆ ਲਈ ਮੁਆਫੀ ਮੰਗੀ

ਬੈਲਫਾਸਟ, 24 ਅਪ੍ਰੈਲ (ਪੋਸਟ ਬਿਊਰੋ)- ਅੱਤਵਾਦੀ ਆਇਰਿਸ਼ ਨੈਸ਼ਨਲਿਸਟ ਗਰੁੱਪ ਨਿਊ ਆਈ ਆਰ ਏ ਨੇ ਕੱਲ੍ਹ ਪੱਤਰਕਾਰ ਲਾਇਰਾ ਮੈਕੀ ਦੀ ਹੱਤਿਆ ਦੀ ਮਾਫੀ ਮੰਗੀ ਹੈ। ਗਰੁੱਪ ਨੇ ਪਹਿਲੀ ਵਾਰ ਮੰਨਿਆ ਕਿ ਉਸ ਦੇ ਇਕ ਮੈਂਬਰ ਨੇ ਪੱਤਰਕਾਰ ਦੀ ਹੱਤਿਆ ਕੀਤੀ। ਆਇਰਲੈਂਡ ਦੇ ਅਖਬਾਰ ਆਇਰਿਸ਼ ਨਿਊਜ਼ ਨੇ ਇਹ ਜਾਣਕਾਰੀ ਦਿੱਤੀ ਹੈ। ਅਖਬਾਰ ਨੇ ਕਿਹਾ ਕਿ ਇਸ ਗਰੁੱਪ ਇੱਕੇ ਬਿਆਨ 'ਚ ਮੈਕੀ ਦੀ ਮੌਤ ਨੂੰ ਦੁਖਦਾਈ ਕਿਹਾ ਤੇ ਉਸ ਦੇ ਪਾਰਟ-ਨਰ, ਪਰਿਵਾਰ ਅਤੇ ਦੋਸਤਾਂ ਤੋਂ ਮੁਆਫੀ ਮੰਗੀ ਹੈ। ਇਹ ਗਰੁੱਪ ਉਤਰੀ ਆਇਰਲੈਂਡ ਦੇ 1998 ਦੇ ਸ਼ਾਂਤੀ ਸਮਝੌਤੇ ਦਾ ਵਿਰੋਧ ਕਰਦਾ ਹੈ। ਗਰੁੱਪ ਨੇ ਕਿਹਾ ਹੈ ਕਿ ਲੰਡਨਡੇਰੀ ਇਲਾਕੇ ਵਿੱਚ 29 ਸਾਲਾ ਪੱਤਰਕਾਰ ਦੀ ਮੌਤ ਵੀਰਵਾਰ ਰਾਤ ਗੜਬੜ ਦੇ ਦੌਰਾਨ ਦੁਸ਼ਮਣ ਤਾਕਤਾਂ ਨਾਲ ਖੜੇ ਹੋਣ ਕਾਰਨ ਹੋਈ ਸੀ। ਪੁਲਸ ਨੇ ਦੱਸਿਆ ਕਿ ਰੇਡ ਦੌਰਾਨ ਇਕ ਅੱਤਵਾਦੀ ਨੇ ਪੁਲਸ ਅਧਿਕਾਰੀਆਂ 'ਤੇ ਫਾਇਰਿੰਗ ਕਰ ਦਿੱਤੀ, ਜਿਸ ਵਿੱਚ ਮੈਕੀ ਨੂੰ ਵੀ ਗੋਲੀ ਲੱਗ ਗਈ ਸੀ। ਬਾਅਦ ਵਿੱਚ ਹਸਪਤਾਲ 'ਚ ਮੈਕੀ ਦੀ ਮੌਤ ਹੋ ਗਈ ਸੀ।

ਉਤਰੀ ਆਇਰਲੈਂਡ ਦੇ 1998 ਦੇ ਸ਼ਾਂਤੀ ਸਮਝੌਤੇ ਮਗਰੋਂ ਕਈ ਅੱਤਵਾਦੀ ਗਰੁੱਪਾਂ ਨੂੰ ਨਾਕਾਮ ਕਰ ਦਿੱਤਾ ਗਿਆ ਹੈ। ਨਿਊ ਆਈ ਆਰ ਏ ਸਮੇਤ ਕੁਝ ਛੋਟੇ-ਛੋਟੇ ਗਰੁੱਪ ਹਾਲੇ ਸਰਗਰਮ ਹਨ ਤੇ ਸਮਝੌਤੇ ਦਾ ਵਿਰੋਧ ਕਰਦੇ ਹਨ। ਪੁਲਸ ਨੇ ਦੱਸਿਆ ਕਿ ਉਸ ਨੇ ਪੱਤਰਕਾਰ ਦੀ ਹੱਤਿਆ ਦੇ ਮਾਮਲੇ 'ਚ 57 ਸਾਲਾ ਇਕ ਔਰਤ ਨੂੰ ਗ੍ਰਿਫਤਾਰ ਕੀਤਾ ਹੈ। ਇਸ ਤੋਂ ਪਹਿਲਾਂ ਪੁਲਸ ਨੇ 18 ਅਤੇ 19 ਸਾਲ ਦੇ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਨੂੰ ਬਾਅਦ 'ਚ ਰਿਹਾਅ ਕਰ ਦਿੱਤਾ ਗਿਆ ਸੀ। ਲਗਭਗ ਤਿੰਨ ਦਹਾਕੇ ਦੀ ਹਿੰਸਾ ਤੋਂ ਬਾਅਦ ਆਇਰਲੈਂਡ 'ਚ ਸ਼ਾਂਤੀ ਸਮਝੌਤੇ ਮਗਰੋਂ ਸ਼ਾਂਤੀ ਸਥਾਪਤ ਹੋਈ ਸੀ। ਮੈਕੀ ਦਹਾਕਿਆਂ ਦੀ ਹਿੰਸਾ ਦੌਰਾਨ ਲਾਪਤਾ ਹੋਏ ਨੌਜਵਾਨਾਂ 'ਤੇ ਇਕ ਕਿਤਾਬ ਲਿਖ ਰਹੀ ਸੀ।

## ਸ੍ਰੀਲੰਕਾ ਦੇ ਧਮਾਕਿਆਂ ਦੀ ਜਾਂਚ ਵਿਚ ਐੱਫ ਬੀ ਆਈ ਨੂੰ ਸ਼ਾਮਲ ਕੀਤਾ ਗਿਆ

### * ਲੰਡਨ ਵਿਚ ਪੜ੍ਹਿਆ ਨਿਕਲਿਆ ਇਕ ਅੱਤਵਾਦੀ

ਕੋਲੰਬੋ, 24 ਅਪ੍ਰੈਲ (ਪੋਸਟ ਬਿਊਰੋ)- ਸ੍ਰੀਲੰਕਾ ਵਿਚ ਅਮਰੀਕੀ ਰਾਜਦੂਤ ਐਲਿਨਾ ਟੈਪਲਿਜ਼ ਨੇ ਕਿਹਾ ਹੈ ਕਿ ਐਤਵਾਰ ਹੋਏ ਬੰਬ ਧਮਾਕਿਆਂ ਦੀ ਜਾਂਚ ਵਿਚ ਮਦਦ ਕਰਨ ਲਈ ਅਮਰੀਕਾ ਦੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐੱਫ ਬੀ ਆਈ) ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਧਮਾਕਿਆਂ ਦੇ ਮ੍ਰਿਤਕਾਂ ਦੀ ਗਿਣਤੀ ਵਧ ਕੇ 359 ਹੋ ਚੁੱਕੀ ਹੈ ਅਤੇ 500 ਤੋਂ ਵੱਧ ਲੋਕ ਜ਼ਖ਼ਮੀ ਦੱਸੇ ਜਾਂਦੇ ਹਨ। ਪੁਲਿਸ ਬੁਲਾਰੇ ਰੂਵਾਨ ਗੁਨਸੇਕਰਾ ਦੇ ਮੁਤਾਬਕ ਅੱਜ ਤਕ ਇਸ ਦੇਸ਼ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਿਤ 58 ਸ਼ੱਕੀ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।



ਗੁਨਸੇਕਰਾ ਨੇ ਦੱਸਿਆ ਕਿ ਬੁੱਧਵਾਰ ਤੜਕੇ ਘੱਟੋ-ਘੱਟ 18 ਹੋਰ ਸ਼ੱਕੀ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਕੋਲੰਬੋ ਤੋਂ ਕਰੀਬ 56 ਕਿਲੋਮੀਟਰ ਦੂਰ ਵਾਰਕਾਪੋਲਾ ਦੇ ਇਕ ਘਰ ਤੋਂ ਪੁਲਿਸ ਨੇ ਵਾਕੀ-ਟਾਕੀ ਅਤੇ ਇਕ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ। ਪ੍ਰਧਾਨ ਮੰਤਰੀ ਰਾਨਿਲ ਵਿਕਰਮਸਿੰਘੇ ਨੇ ਮੰਗਲਵਾਰ ਚਿਤਾਵਨੀ ਦਿੱਤੀ ਸੀ ਕਿ ਕਈ ਸ਼ੱਕੀ ਹਾਲੇ ਵੀ ਧਮਾਕਾਖੇਜ਼ ਸਮੱਗਰੀ ਨਾਲ ਲੈਸ ਹਨ ਤੇ ਉਹ ਹਾਲੇ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਮੰਗਲਵਾਰ ਨੂੰ ਰੱਖਿਆ ਮੰਤਰੀ ਰੁਵਾਨ ਵਿਜੈਵਰਧਨੇ ਨੇ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸ੍ਰੀਲੰਕਾ ਵਿਚ ਐਤਵਾਰ ਜੋ ਹੋਇਆ, ਉਹ ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਵਿਚ ਮੁਸਲਮਾਨਾਂ ਖ਼ਿਲਾਫ਼ ਹੋਏ ਹਮਲੇ ਦਾ ਬਦਲਾ ਸੀ। ਵਰਨਣ ਯੋਗ ਹੈ ਕਿ ਮਾਰਚ ਵਿੱਚ ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਸ਼ਹਿਰ ਵਿਚ ਆਸਟ੍ਰੇਲੀਅਨ ਬੰਦੂਕਬਾਜ਼ ਬ੍ਰੇਂਟਨ ਟੈਰੰਟ ਨੇ ਦੋ ਮਸਜਿਦਾਂ ਵਿਚ ਅੰਨ੍ਹੇਵਾਹ ਗੋਲੀਬਾਰੀ ਕੀਤੀ ਸੀ, ਜਿਸ ਵਿਚ 50 ਲੋਕਾਂ ਦੀ ਮੌਤ ਹੋ ਗਈ ਸੀ। ਓਦੋਂ ਮਸਜਿਦ ਵਿਚ ਭਾਰੀ ਗਿਣਤੀ ਵਿਚ ਸ਼ਰਧਾਲੂ ਸਨ। ਈਸਟਰ ਦੇ ਦਿਨ ਸ੍ਰੀਲੰਕਾ ਚਰਚ ਅਤੇ ਹੋਟਲਾਂ ਵਿਚ ਹੋਏ ਸਿਲਸਲਾਵਾਰ ਧਮਾਕਿਆਂ ਨਾਲ ਕੰਬ ਉੱਠਿਆ ਸੀ। ਇਸ ਵਿਚ ਘਟੋ-ਘਟ 310 ਲੋਕਾਂ ਦੀ ਮੌਤ ਹੋ ਗਈ ਅਤੇ 500 ਤੋਂ ਵੱਧ ਲੋਕ ਜ਼ਖ਼ਮੀ ਦੱਸੇ ਗਏ ਸਨ।

## ਭਾਰਤੀ ਮੂਲ ਦੇ ਯੋਗੀ ਨੇ ਜਾਪਾਨ ਵਿੱਚ ਚੋਣ ਜਿੱਤੀ

ਟੋਕੀਓ, 24 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਮੂਲ ਦੇ ਇਕ ਜਾਪਾਨੀ ਵਿਅਕਤੀ ਨੇ ਇਤਿਹਾਸ ਬਣਾਉਂਦੇ ਹੋਏ ਟੋਕੀਓ ਦੇ ਇਦੋਗਾਵਾ ਵਾਰਡ ਅਸੈਂਬਲੀ ਚੋਣ ਵਿੱਚ ਜਿੱਤ ਹਾਸਲ ਕੀਤੀ ਹੈ।



ਜਾਪਾਨ ਦੀਆਂ ਚੋਣਾਂ ਵਿੱਚ ਜਿੱਤ ਹਾਸਲ ਕਰਨ ਦਾ ਕਾਰਨਾਮਾ ਕਰਨ ਵਾਲੇ ਉਹ ਪਹਿਲੇ ਭਾਰਤੀ ਬਣ ਗਏ ਹਨ। ਇਸ ਦੇਸ਼ ਦੀ ਨਾਗਰਿਕਤਾ ਹਾਸਲ ਕਰ ਚੁੱਕੇ ਪੁਰਾਣਿਕ ਯੋਗੇਂਦਰ (41) ਨੂੰ ਕੁੱਲ ਪਈਆਂ 2,26,561 ਮਾਨਤਾ ਪ੍ਰਾਪਤ ਵੋਟਾਂ ਵਿੱਚੋਂ ਪੰਜਵੀਆਂ ਸਭ ਤੋਂ ਵੱਧ 6447 ਵੋਟਾਂ ਪਈਆਂ। ਦੱਸਿਆ ਗਿਆ ਹੈ ਕਿ ਲੋਕ ਉਨ੍ਹਾਂ ਨੂੰ ਪਿਆਰ ਨਾਲ 'ਯੋਗੀ' ਕਹਿੰਦੇ ਹਨ। ਇਹ ਚੋਣ 21 ਅਪ੍ਰੈਲ ਨੂੰ ਹੋਈ ਸੀ ਅਤੇ ਇਸ ਵਿੱਚ ਜਾਪਾਨ ਵਿੱਚ ਸਥਾਨਕ ਚੋਣਾਂ ਲਈ ਵੋਟਾਂ ਪਈਆਂ ਸਨ। ਜਾਪਾਨ ਦੀ ਕਾਂਸਟੀਟਿਊਸ਼ਨਲ ਡੈਮੋਕ੍ਰੈਟਿਕ ਪਾਰਟੀ ਦੇ ਸਮਰਥਨ ਨਾਲ ਜਿੱਤ ਹਾਸਲ ਕਰਨ ਵਾਲੇ ਯੋਗੀ ਨੇ ਕਿਹਾ ਕਿ ਮੈਂ ਜਾਪਾਨੀ ਅਤੇ ਵਿਦੇਸ਼ੀਆਂ ਵਿਚਕਾਰ ਪੁਲ ਦਾ ਕੰਮ ਕਰਨਾ ਚਾਹੁੰਦਾ ਹਾਂ। ਇਦੋਗਾਵਾ ਇਸ ਤਰ੍ਹਾਂ ਦਾ ਇਲਾਕਾ ਹੈ, ਜਿਥੇ ਭਾਰਤੀ ਸਭ ਤੋਂ ਵੱਡੀ ਗਿਣਤੀ ਵਿੱਚ ਰਹਿੰਦੇ ਹਨ।

## ਕੈਂਸਰ ਨਾਲ ਲੜਨ ਵਿੱਚ ਮਦਦਗਾਰ ਹੋ ਸਕਦੀ ਹੈ ਹਲਦੀ

ਆਈ ਏ ਐੱਨ ਐੱਸ, 24 ਅਪ੍ਰੈਲ (ਪੋਸਟ ਬਿਊਰੋ)- ਹਲਦੀ ਵਿੱਚ ਪਾਇਆ ਜਾਣ ਵਾਲਾ ਇੱਕ ਤੱਤ ਪੇਟ ਦੇ ਕੈਂਸਰ ਤੋਂ ਬਚਾਅ ਅਤੇ ਇਸ ਦੇ ਇਲਾਜ ਵਿੱਚ ਸਹਾਇਕ ਹੋ ਸਕਦਾ ਹੈ। ਬਰਾਜੀਲ ਦੀ ਫੈਡਰਲ ਯੂਨੀਵਰਸਿਟੀ ਆਫ ਸਾਓ ਪਾਉਲੋ ਅਤੇ ਯੂਨੀਵਰਸਿਟੀ ਆਫ ਪਾਰਾ ਦੇ ਖੋਜਕਾਰਾਂ ਨੇ ਇਸ ਸੰਬੰਧ ਵਿੱਚ ਖੋਜ ਨੂੰ ਅੰਜਾਮ ਦਿੱਤਾ ਹੈ। ਪ੍ਰੋਫੈਸਰ ਡੈਨੀਅਲ ਕਵੀਰੋਜ ਨੇ ਕਿਹਾ, ਅਸੀਂ ਪੇਟ ਦੇ ਕੈਂਸਰ ਤੋਂ ਬਚਾਅ ਅਤੇ ਇਸ ਦੇ ਇਲਾਜ ਵਿੱਚ ਕਾਰਗਰ ਤੱਤਾਂ 'ਤੇ ਖੋਜ ਕੀਤੀ। ਹਲਦੀ ਇਨ੍ਹਾਂ ਵਿੱਚੋਂ ਇੱਕ ਹੈ। ਹਲਦੀ ਵਿੱਚ ਪਾਇਆ ਜਾਣ ਵਾਲਾ ਤੱਤ ਕਰਕਿਊਮਿਨ ਕੈਂਸਰ ਦੀ ਰੋਕਥਾਮ ਵਿੱਚ ਭੂਮਿਕਾ ਨਿਭਾਉਂਦਾ ਹੈ।

ਇਸ ਦੇ ਇਲਾਵਾ ਕੁਝ ਹੋਰ ਤੱਤ ਇਸ ਦੇ ਕਾਰਗਰ ਨਿਕਲੇ ਹਨ। ਇਨ੍ਹਾਂ ਵਿੱਚ ਕੋਲਕੈਲਸੀਫੈਰੋਲ, ਰੈਸਵੇਰਾਟ੍ਰੋਲ (ਅੰਗੂਰ ਅਤੇ ਰੈਡ ਵਾਈਨ ਵਿੱਚ ਮਿਲਦਾ), ਕਵਸੈਂਟਿਨ (ਸੇਬ, ਬਰੋਕਲੀ ਅਤੇ ਪਿਆਜ਼ ਵਿੱਚ ਪਾਇਆ ਜਾਂਦਾ ਹੈ), ਗਾਰਸੀਨੋਲ, ਸੋਡੀਅਮ ਬਿਊਟੀਰੇਟ ਵਰਗੇ ਤੱਦ ਸ਼ਾਮਲ ਹਨ। ਵਿਗਿਆਨੀਆਂ ਨੇ ਦੱਸਿਆ ਕਿ ਇਹ ਤੱਤ ਪੇਟ ਦੇ ਕੈਂਸਰ ਦੇ ਵਿਕਾਸ ਵਿੱਚ ਭੂਮਿਕਾ ਨਿਭਾਉਣ ਵਾਲੇ ਜੀਨ ਦੀਆਂ ਗਤੀਵਿਧੀਆਂ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦੇ ਹਨ। ਦਫਤਰ ਵਿੱਚ ਲੰਬੇ ਸਮੇਂ ਤੱਕ ਬੈਠੇ ਰਹਿਣ ਵਾਲਿਆਂ ਨੂੰ ਸਿਹਤ ਨਾਲ ਜੁੜੇ ਖਤਰੇ ਘੱਟ ਕਰਨ ਲਈ ਰੋਜ਼ ਕਸਰਤ ਕਰਨੀ ਚਾਹੀਦੀ ਹੈ। ਇਸ ਨਾਲ ਸਰੀਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਘੱਟ ਕੀਤਾ ਜਾ ਸਕਦਾ ਹੈ।

## ਗੋਲਾਨ ਬਸਤੀ ਦਾ ਨਾਂ ਇਸਰਾਈਲ ਵੱਲੋਂ ਟਰੰਪ ਦੇ ਨਾਂ ਉਤੇ ਰੱਖਿਆ ਜਾਏਗਾ

ਯੇਰੂਸ਼ਲਮ, 24 ਅਪ੍ਰੈਲ (ਪੋਸਟ ਬਿਊਰੋ)- ਇਸਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵਿਵਾਦ ਵਾਲੇ ਖੇਤਰ ਗੋਲਾਨ ਪਹਾੜੀਆਂ ਉੱਤੇ ਵਸਾਈ ਗਈ ਬਸਤੀ ਦਾ ਨਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਂ ਉੱਤੇ ਰੱਖਣ ਦੀ ਇੱਛਾ ਪ੍ਰਗਟ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਨੇ ਇਸ ਪਠਾਰ ਵਾਲੇ ਇਲਾਕੇ ਉੱਤੇ ਇਸਰਾਈਲ ਦੀ ਅਖੰਡਤਾ ਨੂੰ ਮਾਨਤਾ ਦੀ ਪਹਿਲ ਕੀਤੀ ਹੈ, ਉਸ ਦਾ ਧੰਨਵਾਦ ਕਰਨ ਲਈ ਉਹ ਏਦਾਂ ਕਰਨਾ ਚਾਹੁੰਦੇ ਹਨ।



ਵਰਨਣ ਯੋਗ ਹੈ ਕਿ ਕਰੀਬ 1,200 ਵਰਗ ਕਿਲੋਮੀਟਰ ਖੇਤਰ ਵਿਚ ਫੈਲੀਆਂ ਗੋਲਾਨ ਪਹਾੜੀਆਂ ਸੀਰੀਆ ਦੀ ਰਾਜਧਾਨੀ ਦਮਿਸ਼ਕ ਤੋਂ 60 ਕਿਲੋਮੀਟਰ ਉੱਤਰ-ਪੱਛਮ ਵਿਚ ਹਨ। ਸਾਲ 1967 ਵਿਚ ਅਰਬ-ਇਸਰਾਈਲ ਜੰਗ ਮੌਕੇ ਇਸਰਾਈਲ ਨੇ ਰਣਨੀਤਕ ਤੌਰ ਉੱਤੇ ਮਹੱਤਵ ਪੂਰਨ ਇਹ ਖੇਤਰ ਸੀਰੀਆ ਕੋਲੋਂ ਖੋਹ ਕੇ 1981 ਵਿੱਚ ਉਸ ਨੇ ਆਪਣਾ ਹਿੱਸਾ ਬਣਾ ਲਿਆ ਸੀ। ਇਸਰਾਈਲ ਦੇ ਇਸ ਕਦਮ ਨੂੰ ਕੌਮਾਂਤਰੀ ਪੱਧਰ ਉੱਤੇ ਮਾਨਤਾ ਨਹੀਂ ਮਿਲ ਸਕੀ। ਅਮਰੀਕਾ ਨੇ ਵੀ ਇਸ ਖੇਤਰ ਵਿਚ ਇਸਰਾਈਲ ਦੀ ਅਖੰਡਤਾ ਨੂੰ ਨਹੀਂ ਸਵੀਕਾਰਿਆ, ਪ੍ਰੰਤੂ ਇਸ ਸਾਲ ਮਾਰਚ ਵਿਚ ਡੋਨ-ਾਲਡ ਟਰੰਪ ਨੇ ਅਮਰੀਕਾ ਦੀ ਇਸ ਪੁਰਾਣੀ ਨੀਤੀ ਨੂੰ ਪਲਟ ਕੇ ਗੋਲਾਨ ਉੱਤੇ ਇਸਰਾਈਲ ਦੇ ਹੱਕ ਨੂੰ ਮਾਨਤਾ ਦੇ ਦਿੱਤੀ ਹੈ। ਸੀਰੀਆ ਨੇ ਇਸ ਫੈਸਲੇ ਦਾ ਵਿਰੋਧ ਵੀ ਕੀਤਾ ਸੀ।

ਬੀਤੇ ਦਿਨੀਂ ਚੋਣਾਂ ਵਿੱਚ ਪੰਜਵੀਂ ਵਾਰ ਜਿੱਤ ਗਏ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਕਿਹਾ ਹੈ ਕਿ ਡੋਨਾਲਡ ਟਰੰਪ ਦੇ ਇਸ ਇਤਿਹਾਸਕ ਕਦਮ ਤੋਂ ਸਾਰੇ ਇਸਰਾਈਲੀ ਬਹੁਤ ਖ਼ੁਸ਼ ਹਨ ਤੇ ਉਨ੍ਹਾਂ ਦਾ ਧੰਨਵਾਦ ਪ੍ਰਗਟ ਕਰਦੇ ਹਨ, ਅਸੀਂ ਉਨ੍ਹਾਂ ਦਾ ਧੰਨਵਾਦ ਕਰਨਾ ਹੈ, ਮੈਂ ਜਲਦੀ ਹੀ ਗੋਲਾਨ ਦੀ ਬਸਤੀ ਦਾ ਨਾਂ ਟਰੰਪ ਉੱਤੇ ਰੱਖਣ ਦਾ ਮਤਾ ਸਰਕਾਰ ਅੱਗੇ ਰੱਖਾਂਗਾ।

## ਨਾਈਜ਼ੀਰੀਆ ਵਿੱਚ ਪੁਲਸ ਵਾਲੇ ਨੇ ਭੀੜ ਉਤੇ ਕਾਰ ਚੜ੍ਹਾਈ, 10 ਮੌਤਾਂ

ਕਾਂਗੋ, 24 ਅਪ੍ਰੈਲ (ਪੋਸਟ ਬਿਊਰੋ)- ਨਾਈਜ਼ੀਰੀਆ ਵਿੱਚ ਈਸਟਰ ਮੌਕੇ ਇਕ ਜਲੂਸ ਦੌਰਾਨ ਇਕ ਪੁਲਸ ਕਰਮੀ ਨੇ ਆਪਣੀ ਕਾਰ ਬੱਚਿਆਂ ਦੇ ਇਕ ਗਰੁੱਪ 'ਤੇ ਚੜ੍ਹਾ ਦਿੱਤੀ, ਜਿਸ ਨਾਲ 10 ਲੋਕਾਂ ਦੀ ਮੌਤ ਹੋ ਗਈ ਅਤੇ 30 ਤੋਂ ਵੱਧ ਬੱਚੇ ਜ਼ਖ਼ਮੀ ਹੋ ਗਏ ਹਨ। ਇਸ ਦੀ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਪੁਲਸ ਦੇ ਬੁਲਾਰੇ ਮੈਰੀ ਮਲੁੱਮ ਨੇ ਦੱਸਿਆ ਕਿ ਇਹ ਦਰਦ-ਨਾਕ ਘਟਨਾ ਦੇਰ ਰਾਤ ਵਾਪਰੀ, ਜਦੋਂ ਇਕ ਡਿਊਟੀ ਖਤਮ ਕਰ ਚੁੱਕੇ ਪੁਲਸ ਕਰਮੀ ਨੇ ਜਲੂਸ ਵਿੱਚ ਕਾਰ ਵਾੜ ਦਿੱਤੀ। ਅਧਿਕਾਰੀ ਨੇ ਦੱਸਿਆ ਕਿ 10 ਲੋਕਾਂ ਦੀ ਮੌਤ ਹੋ ਗਈ, ਜਿਸ ਵਿੱਚ ਪੁਲਸ ਕਰਮੀ ਅਤੇ ਅਰਧ ਸੈਨਿਕ ਬਲ ਦਾ ਇਕ ਮੈਂਬਰ ਸ਼ਾਮਲ ਸੀ। ਅਰਧ ਸੈਨਿਕ ਬਲ ਦਾ ਮੈਂਬਰ ਪੁਲਸ ਕਰਮੀ ਦੇ ਨਾਲ ਸੀ। ਅਧਿਕਾਰੀ ਨੇ ਦੱਸਿਆ ਕਿ ਪਤਾ ਲੱਗਾ ਹੈ ਕਿ ਪੁਲਸ ਕਰਮੀ ਅਤੇ ਉਸ ਦਾ ਮਿੱਤਰ ਵਰਦੀ ਵਿੱਚ ਨਹੀਂ ਸਨ। ਉਨ੍ਹਾਂ 'ਤੇ ਨਾਰਾਜ਼ ਭੀੜ ਨੇ ਹਮਲਾ ਕਰ ਦਿੱਤਾ।

## ਟਰੰਪ ਉੱਤੇ ਮਹਾਦੋਸ਼ ਲਈ ਵਿਰੋਧੀ ਡੈਮੋਕ੍ਰੇਟ ਐਮ ਪੀਜ਼ ਵੰਡੇ ਗਏ

ਵਾਸ਼ਿੰਗਟਨ, 24 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿੱਚ ਰੂਸ ਦੇ ਦਖਲ ਦੀ ਜਾਂਚ ਰਿਪੋਰਟ ਜਨਤਕ ਹੋਣ ਦੇ ਬਾਅਦ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਕੁਝ ਪਾਰਲੀਮੈਂਟ ਮੈਂਬਰ ਜਿਥੇ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਮਹਾਦੋਸ਼ ਚਲਾਉਣ ਦੀ ਮੁ-ਹਿੰਮ 'ਚ ਲੱਗ ਗਏ ਹਨ, ਉਥੇ ਕੁਝ ਇਸ ਨਾਲ ਸਹਿਮਤ ਨਹੀਂ। ਇਨ੍ਹਾਂ 'ਚ ਡੈਮੋਕ੍ਰੇਟਿਕ ਨੇਤਾ ਅਤੇ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀ ਸਪੀਕਰ ਨੈਂਸੀ ਪੇਲੋਸੀ ਵੀ ਸ਼ਾਮਲ ਹੈ।

ਸਾਲ 2016 ਦੀ ਰਾਸ਼ਟਰਪਤੀ ਚੋਣ 'ਚ ਰੂਸੀ ਦਖਲ ਬਾਰੇ ਵਿਸ਼ੇਸ਼ ਵਕੀਲ ਰਾਬਰਟ ਮੂਲਰ ਦੀ ਜਾਂਚ ਰਿਪੋਰਟ ਪਿਛਲੇ ਵੀਰਵਾਰ ਪਾਰਲੀਮੈਂਟ ਵਿੱਚ ਰੱਖੇ ਜਾਣ ਦੇ ਨਾਲ ਜਨਤਕ ਕਰ ਦਿੱਤੀ ਗਈ ਸੀ। ਇਸ ਰਿਪੋਰਟ 'ਚ ਟਰੰਪ ਅਤੇ ਰੂਸ ਵਿਚਾਲੇ ਗੰਢਤੁੱਪ ਦਾ ਕੋਈ ਸਬੂਤ ਨਹੀਂ ਪਾਇਆ ਗਿਆ, ਪਰ ਮੂਲਰ ਦੀ ਟੀਮ ਇਸ ਸਿੱਟੇ ਉੱਤੇ ਨਹੀਂ ਪਹੁੰਚ ਸਕੀ ਕਿ ਨਿਆਂ ਪ੍ਰਕਿਰਿਆ ਵਿੱਚ ਟਰੰਪ ਰੁਕਾਵਟ ਬਣੇ ਸਨ ਜਾਂ ਨਹੀਂ। ਮੂਲਰ ਨੇ ਇਹ ਪਾਰਲੀਮੈਂਟ 'ਤੇ ਛੱਡ ਦਿੱਤਾ ਕਿ ਇਸ 'ਤੇ ਅੱਗੇ ਕੀ ਕਾਰਵਾਈ ਕਰਨੀ ਹੈ? ਓਦੋਂ ਤੋਂ ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰ ਟਰੰਪ ਉਤੇ ਮਹਾਦੋਸ਼ ਚਲਾਉਣ ਦੀ ਮੁਹਿੰਮ ਵਿੱਚ ਲੱਗ ਗਏ ਹਨ। ਕਈ ਡੈਮੋਕ੍ਰੇਟਿਕ ਮੈਂਬਰਾਂ ਦਾ ਮੰਨਣਾ ਹੈ ਕਿ ਮਹਾਦੋਸ਼ ਦੀ ਪ੍ਰਕਿਰਿਆ ਨਾਕਾਮ ਹੋ ਸਕਦੀ ਹੈ। ਇਸ ਦਾ ਟਰੰਪ ਨੂੰ ਸਿਆਸੀ ਫਾਇਦਾ ਹੋ ਸਕਦਾ ਹੈ, ਜਦ ਕਿ ਦੂਜੇ ਮੈਂਬਰਾਂ ਦੀ ਦਲੀਲ ਹੈ ਕਿ ਜੇ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਇਹ ਸੰਕੇਤ ਜਾਵੇਗਾ ਕਿ ਰਾਸ਼ਟਰਪਤੀ ਦੇ ਗਲਤ ਕੰਮਾਂ ਨੂੰ ਬਰਦਾਸ਼ਤ ਕੀਤਾ ਜਾ ਰਿਹਾ ਹੈ।


Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6


## ਪਾਕਿ ਪੋਲੀਓ ਟੀਮ ਦੇ ਸੁਰੱਖਿਆ ਮੁਲਾਜ਼ਮ ਨੂੰ ਗੋਲੀ ਮਾਰੀ

ਪੇਸ਼ਾਵਰ, 24 ਅਪ੍ਰੈਲ (ਪੋਸਟ ਬਿਊਰੋ)- ਪਾਕਿ ਦੇ ਖੈਬਰ ਪਖਤੂਨਖਵਾ ਪ੍ਰਾਂਤ ਵਿੱਚ ਪੋਲੀਓ ਰੋਕੂ ਡਰਾਪ ਪੀਣ ਦੇ ਬਾਅਦ ਸਕੂਲੀ ਬੱਚਿਆਂ ਦੇ ਬੀਮਾਰ ਪੈਣ ਦੀ ਅਫਵਾਹ ਤੂਲ ਫੜਦਾਂ ਜਾਂਦੀ ਹੈ। ਦੇਸ਼ ਵਿੱਚ ਹੋ ਰਹੇ ਵਿਰੋਧ ਦੇ ਦੌਰਾਨ ਕੱਲ੍ਹ ਪੋਲੀਓ ਟੀਮ ਦੀ ਸੁਰੱਖਿਆ ਵਿੱਚ ਤੈਨਾਤ ਇਕ ਪੁਲਸ ਕਰਮੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਹੈ।

ਪੁਲਸ ਦੇ ਮੁਤਾਬਕ ਕੱਲ੍ਹ ਸਵੇਰੇ ਬੰਨੂ ਜ਼ਿਲੇ ਵਿੱਚ ਅਣਪਛਾਤੇ ਹਮਲਾਵਰਾਂ ਨੇ ਪੋਲੀਓ ਟੀਮ ਦੀ ਸੁਰੱਖਿਆ ਲਈ ਤੈਨਾਤ ਏ ਐਸ ਆਈ ਇਮਰਾਨ ਖਾਨ ਨੂੰ ਗੋਲੀ ਮਾਰ ਦਿੱਤੀ। ਇਸ ਵਾਰਦਾਤ ਦੇ ਬਾਅਦ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਪੁਲਸ ਦਾ ਕਹਿਣਾ ਹੈ ਕਿ ਏ ਐਸ ਆਈ ਇਮਰਾਨ 'ਤੇ ਹਮਲਾ ਉਸ ਵੇਲੇ ਹੋਇਆ, ਜਦ ਪੋਲੀਓ ਟੀਮ ਬੱਚਿਆਂ ਨੂੰ ਪੋਲੀਓ ਦੀ ਦਵਾਈ ਪਿਲਾ ਰਹੀ ਸੀ। ਪੁਲਸ ਨੇ ਏ ਐਸ ਆਈ ਦੇ ਕਾਤਲਾਂ ਦੀ ਭਾਲ ਤੇਜ਼ ਕਰ ਦਿੱਤੀ ਹੈ, ਪਰ ਅਜੇ ਕੋਈ ਸੁਰਾਗ ਨਹੀਂ ਮਿ-ਲਿਆ। ਕਾਤਲ ਹਾਲੇ ਵੀ ਪੁਲਸ ਦੀ ਗ੍ਰਿਫ਼ਤ ਤੋਂ ਦੂਰ ਹਨ।


*ਏ ਐਸ ਆਈ ਇਮਰਾਨ ਖਾਨ ਦੀ ਫਾਇਲ ਫੋਟੋ ।*

ਵਰਨਣ ਯੋਗ ਹੈ ਕਿ ਗੜਬੜ ਵਾਲੇ ਖੈਬਰ ਪਖਤੂਨਖਵਾ ਪ੍ਰਾਂਤ ਵਿੱਚ ਬੀਤੇ ਦਿਨੀਂ ਪੋਲੀਓ ਡਰਾਪ ਪੀਣ ਦੇ ਬਾਅਦ ਕੁਝ ਬੱਚੇ ਬੀਮਾਰ ਪੈ ਜਾਣ ਦੀ ਅਫਵਾਹ ਫੈਲ ਗਈ ਸੀ ਅਤੇ ਇਸ ਦੇ ਬਾਅਦ ਦੇਸ਼ ਵਿੱਚ ਇਸ ਦੇ ਖਿਲਾਫ ਗੁੱਸਾ ਭੜਕ ਗਿਆ। ਸਕੂਲੀ ਬੱਚਿਆਂ ਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਨੇ ਇਕ ਸਥਾਨਕ ਸਿਹਤ ਕੇਂਦਰ ਨੂੰ ਨੁਕਸਾਨ ਪਹੁੰਚ ਦਿੱਤਾ ਸੀ। ਇਹ ਪਹਿਲਾ ਕੇਸ ਨਹੀਂ, ਜਦ ਪੋਲੀਓ ਟੀਮ ਤੇ ਉਸ ਦੀ ਸੁਰੱਖਿਆ ਦੇ ਪੁਲਸ ਜਵਾਨਾਂ ਨੂੰ ਮਾਰਿਆ ਗਿਆ ਹੈ। ਦਸੰਬਰ 2012 ਤੋਂ ਅੱਜ ਤੱਕ 68 ਲੋਕ ਮਾਰੇ ਜਾ ਚੁੱਕੇ ਹਨ। 2014 ਵਿੱਚ ਪੋਲੀਓ ਟੀਮ ਦੇ ਤਿੰਨ ਮੈਂਬਰਾਂ ਨੂੰ ਮਾਰ ਦਿੱਤਾ ਗਿਆ ਸੀ। ਨਾਈਜ਼ੀਰੀਆ ਅਤੇ ਅਫਗਾਨਿਸਤਾਨ ਦੇ ਬਾਅਦ ਪਾਕਿਸਤਾਨ ਦੁਨੀਆ ਵਿੱਚ ਤੀਸਰਾ ਦੇਸ਼ ਹੈ, ਜਿਥੇ ਪੋਲੀਓ ਹਾਲੇ ਤੱਕ ਵੀ ਖਤਮ ਨਹੀਂ ਹੋਇਆ ਅਤੇ ਇਸ ਦੇ ਖਤਮ ਹੋਣ ਵਿੱਚ ਦੇਰੀ ਹੋਣ ਦਾ ਖਦਸ਼ਾ ਹੈ।


Honesty, Reliability, Commitment
Hira Randhawa
Broker
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 — William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 — Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 — Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 — Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP, SUPER -VISA,& TRAVEL
Insurance
416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Chevron Delo
Special OIL CHANGE Rates
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
1715 Sismet Rd, Mississauga | Call Ranjit: 416.624.8351 | Tel: 905.625.0055

# ਸਿਟੀ ਸੈਂਟਰ ਮਾਮਲੇ ਵਿਚ ਕਲੋਜ਼ਰ ਰਿਪੋਰਟ ਉੱਤੇ ਬਹਿਸ ਸ਼ੁਰੂ, ਅਗਲੀ ਸੁਣਵਾਈ ਤਿੰਨ ਨੂੰ

ਲੁਧਿਆਣਾ, 24 ਅਪ੍ਰੈਲ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਖਿਲਾਫ ਚੱਲ ਰਹੇ ਸਿਟੀ ਸੈਂਟਰ ਕੇਸ ਨੂੰ ਵਿਜੀਲੈਂਸ ਪੁਲਸ ਵੱਲੋਂ ਬੰਦ ਕਰਵਾਉਣ ਲਈ ਦਾਖਲ ਕੀਤੀ ਗਈ ਕਲੋਜ਼ਰ ਰਿਪੋਰਟ 'ਤੇ ਕੱਲ੍ਹ ਬਹਿਸ ਸ਼ੁਰੂ ਹੋ ਗਈ ਹੈ, ਜਿਸ ਦੀ ਅਗਲੀ ਤਰੀਕ ਤਿੰਨ ਮਈ ਰੱਖੀ ਗਈ ਹੈ।

ਜ਼ਿਲ੍ਹਾ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ 'ਚ ਕੱਲ੍ਹ ਹੋਈ ਸਿਟੀ ਸੈਂਟਰ ਕੇਸ ਦੀ ਸੁਣਵਾਈ 'ਚ ਪੰਜਾਬ ਦੇ ਪ੍ਰਾਸੀਕਿਊਸ਼ਨ ਵਿਭਾਗ ਦੇ ਡਾਇਰੈਕਟਰ ਵਿਜੇ ਸਿੰਗਲਾ ਅਤੇ ਜ਼ਿਲ੍ਹਾ ਅਟਾਰਨੀ ਰਵਿੰਦਰ ਕੁਮਾਰ ਅਬਰੋਲ ਬਹਿਸ ਕਰਨ ਲਈ ਹਾਜ਼ਰ ਹੋਏ ਤੇ ਕਲੋਜ਼ਰ ਰਿਪੋਰਟ 'ਤੇ ਬਹਿਸ ਸ਼ੁਰੂ ਕੀਤੀ, ਜੋ ਪੂਰੀ ਨਹੀਂ ਹੋ ਸਕੀ ਅਤੇ ਅਦਾਲਤ ਨੇ ਸੁਣਵਾਈ ਤਿੰਨ ਮਈ ਲਈ ਟਾਲਦੇ ਹੋਏ ਇਸ ਨੂੰ ਬਹਿਸ ਉਤੇ ਰੱਖ ਲਿਆ ਹੈ। ਮੁਦਈ ਪੱਖ ਵੱਲੋਂ ਪੰਜਾਬ ਦੇ ਪ੍ਰਾਸੀਕਿਊਸ਼ਨ ਵਿਭਾਗ ਦੇ ਡਾਇਰੈਕਟਰ ਵਿਜੇ ਸਿੰਗਲਾ ਤੇ ਜ਼ਿਲ੍ਹਾ ਅਟਾਰਨੀ ਰਵਿੰਦਰ ਕੁਮਾਰ ਅਬਰੋਲ ਇਸ ਕੇਸ 'ਤੇ ਪਹਿਲਾਂ ਵੀ ਬਹਿਸ ਸ਼ੁਰੂ ਕਰ ਚੁੱਕੇ ਹਨ। ਜ਼ਿਲ੍ਹਾ ਤੇ ਸੈਸ਼ਨ ਜੱਜ ਗੁਰਬੀਰ ਸਿੰਘ ਨੇ ਲੋਕ ਇਨਸਾਫ ਪਾਰਟੀ ਦੇ ਮੁਖੀ ਅਤੇ ਲੁਧਿਆਣਾ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ, ਗਵਾਹ ਸੁਨੀਲ ਕੁਮਾਰ ਡੇ, ਵਿਜੀਲੈਂਸ ਪੁਲਸ ਦੇ ਸਾਬਕਾ ਜ਼ਿਲ੍ਹਾ ਮੁਖੀ ਕੰਵਲਜੀਤ ਸਿੰਘ ਸੰਧੂ ਤੇ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੀਆਂ ਅਰਜ਼ੀਆਂ 'ਤੇ ਲੜੀਵਾਰ ਬਹਿਸ ਸੁਣਨ ਤੋਂ ਬਾਅਦ ਇਨ੍ਹਾਂ ਨੂੰ ਰੱਦ ਕਰ ਦਿੱਤਾ ਸੀ ਤੇ ਪਿਛਲੀ ਪੇਸ਼ੀ 'ਤੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੀ ਅਰਜ਼ੀ ਰੱਦ ਕਰ ਕੇ ਕਲੋਜ਼ਰ ਰਿਪੋਰਟ 'ਤੇ ਬਹਿਸ ਲਈ ਮਾਮਲਾ ਟਾਲ ਦਿੱਤਾ ਸੀ। ਵਰਣਨਯੋਗ ਹੈ ਕਿ ਅਦਾਲਤ ਨੇ ਕੇਸ ਨੂੰ ਕੱਲ੍ਹ ਲਈ ਨਿਯਤ ਕਰ ਕੇ ਕਲੋਜ਼ਰ ਰਿਪੋਰਟ 'ਤੇ ਬਹਿਸ ਕਰਨ ਲਈ ਕਿਹਾ ਸੀ।

# ਝੂਠੇ ਦੋਸ਼ਾਂ ਲਈ ਮੱਕੜ ਨੇ ਢੇਸੀ ਭਰਾਵਾਂ ਨੂੰ ਮਾਣਹਾਨੀ ਦਾ ਨੋਟਿਸ ਕੱਢਿਆ

ਜਲੰਧਰ, 24 ਅਪ੍ਰੈਲ (ਪੋਸਟ ਬਿਊਰੋ)- ਜਲੰਧਰ ਛਾਉਣੀ ਵਿਧਾਨ ਸਭਾ ਹਲਕੇ ਵਾਸਤੇ ਅਕਾਲੀ ਦਲ ਦੇ ਇੰਚਾਰਜ ਸਰਬਜੀਤ ਸਿੰਘ ਮੱਕੜ ਨੇ ਢੇਸੀ ਭਰਾਵਾਂ ਜਸਪਾਲ ਸਿੰਘ ਢੇਸੀ ਤੇ ਪਰਮਜੀਤ ਸਿੰਘ ਰਾਏਪੁਰ 'ਤੇ ਉਨ੍ਹਾਂ ਵਿਰੁੱਧ ਝੂਠਾ ਪ੍ਰਚਾਰ ਕਰਨ ਦਾ ਦੋਸ਼ ਲਾਉਂਦਿਆਂ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ ਹੈ।

ਆਪਣੇ ਵਕੀਲ ਰਾਹੀਂ ਭੇਜੇ ਨੋਟਿਸ ਵਿੱਚ ਸਰਬਜੀਤ ਸਿੰਘ ਮੱਕੜ ਨੇ ਕਿਹਾ ਕਿ ਢੇਸੀ ਭਰਾਵਾਂ ਵੱਲੋਂ ਕੀਤੇ ਝੂਠੇ ਪ੍ਰਚਾਰ ਕਾਰਨ ਉਨ੍ਹਾਂ ਦੇ ਸਮਾਜਿਕ ਅਤੇ ਰਾਜਸੀ ਰੁਤਬੇ ਨੂੰ ਵੱਡਾ ਹਰਜਾ ਪੁੱਜਾ ਹੈ, ਇਸ ਕਰਕੇ ਇਕ ਹਫਤੇ ਵਿੱਚ ਇਕ ਕਰੋੜ ਰੁਪਏ ਦਾ ਹਰਜਾਨਾ ਦਿੱਤਾ ਜਾਵੇ, ਨਹੀਂ ਤਾਂ ਉਹ ਅਦਾਲਤ ਵਿੱਚ ਜਾਣਗੇ। ਉਨ੍ਹਾਂ ਨੋਟਿਸ ਵਿੱਚ ਲਿਖਿਆ ਕਿ ਢੇਸੀ ਭਰਾ ਕੂਲ ਰੋਡ ਉਪਰਲੀ ਜਿਹੜੀ 55 ਮਰਲੇ ਅਤੇ 31 ਮਰਲੇ ਜਾਇਦਾਦ ਉੱਤੇ ਸਰਬਜੀਤ ਸਿੰਘ ਮੱਕੜ ਦੇ ਨਾਜਾਇਜ਼ ਕਬਜ਼ੇ ਦਾ ਰੌਲਾ ਪਾ ਰਹੇ ਹਨ, ਉਹ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਝੂਠਾ ਹੈ। 55 ਮਰਲੇ ਜਗ੍ਹਾ ਮੱਕੜ ਅਤੇ ਤਿੰਨ ਹੋਰ ਭਾਈਵਾਲਾਂ ਨੇ ਰਮੇਸ਼ ਕੁਮਾਰ ਮੁਖਤਿਆਰ ਰਾਹੀਂ ਖਰੀਦੀ ਸੀ ਤੇ ਅੱਠ ਸਤੰਬਰ 1997 ਨੂੰ ਇਸ ਜਗ੍ਹਾ ਦੀ ਤਹਿਸੀਲਦਾਰ ਵੱਲੋਂ ਰਜਿਸਟਰੀ ਹੋਈ, ਜਦ ਕਿ 31 ਮਰਲੇ ਜਗ੍ਹਾ ਇੰਦਰਬੀਰ ਸਿੰਘ



ਸਰਬਜੀਤ ਸਿੰਘ ਮੱਕੜ

ਪੁੱਤਰ ਗੁਰਜੇਪਾਲ ਸਿੰਘ ਸਾਬਕਾ ਪੁਲਸ ਅਧਿਕਾਰੀ ਤੋਂ ਸਰਬਜੀਤ ਸਿੰਘ ਮੱਕੜ ਨੇ 11 ਸਤੰਬਰ 2006 ਨੂੰ ਖਰੀਦੀ ਅਤੇ ਰਜਿਸਟਰੀ ਕਰਵਾਈ ਸੀ। ਇਸ ਰਜਿਸਟਰੀ ਲਈ ਸਰਬਜੀਤ ਸਿੰਘ ਮੱਕੜ ਨੇ 81 ਲੱਖ 46 ਹਜ਼ਾਰ 860 ਰੁਪਏ ਸਟੇਟ ਬੈਂਕ ਪਟਿਆਲਾ ਰਾਹੀਂ ਅਦਾਇਗੀ ਕੀਤੀ ਸੀ। ਉਨ੍ਹਾਂ ਲਿਖਿਆ ਕਿ 55 ਮਰਲੇ ਜਗ੍ਹਾ ਦਾ ਅਦਾਲਤੀ ਕੇਸ ਕੇ ਕੇ ਗੋਇਲ ਸਿਵਲ ਜੱਜ ਦੀ ਅਦਾਲਤ ਵਿੱਚ ਚੱਲਦਾ ਸੀ ਤੇ 2 ਨਵੰਬਰ 2006 ਨੂੰ ਅਦਾਲਤੀ ਫੈਸਲੇ ਤਹਿਤ ਸਰਬਜੀਤ ਸਿੰਘ ਮੱਕੜ ਅਤੇ ਭਾਈਵਾਲਾਂ ਨੇ ਛੇ ਲੱਖ ਰੁਪਏ ਅਦਾ ਕੀਤੇ ਸਨ। ਮਾਲ ਵਿਭਾਗ ਤੇ ਅਦਾਲਤੀ ਫੈਸਲਿਆਂ ਮੁਤਾਬਕ ਕੂਲ ਰੋਡ 'ਤੇ 55 ਮਰਲੇ ਅਤੇ 31 ਮਰਲੇ ਜਗ੍ਹਾ ਕਿਸੇ ਵੀ ਤਰ੍ਹਾਂ ਵਿਵਾਦ ਵਾਲੀ ਨਹੀਂ ਤੇ ਨਾ ਸਰਬਜੀਤ ਸਿੰਘ ਮੱਕੜ ਤੇ ਉਨ੍ਹਾਂ ਦੇ ਭਾਈਵਾਲਾਂ ਨੇ ਕਿਸੇ ਜਾਇਦਾਦ 'ਤੇ ਨਾਜਾਇਜ਼ ਕਬਜ਼ਾ ਕੀਤਾ ਹੈ। ਉਨ੍ਹਾਂ ਲਿਖਿਆ ਕਿ ਢੇਸੀ ਪਰਵਾਰ ਦੀ ਫਰਮ ਟੀ ਐਸ ਐਸ ਦੇ ਕੁਝ ਬੰਦੇ 9 ਅਪਰੈਲ 2005 ਨੂੰ ਕੂਲ ਰੋਡ ਉਪਰਲੀ ਜਗ੍ਹਾ ਉੱਤੇ ਜਬਰੀ ਕਬਜ਼ਾ ਕਰਨ ਲਈ ਆਏ ਤਾਂ ਇਨ੍ਹਾਂ ਦੇ ਖਿਲਾਫ ਥਾਣਾ ਡਵੀਜ਼ਨ ਨੰਬਰ ਛੇ ਵਿੱਚ ਕੇਸ ਦਰਜ ਹੋਇਆ ਸੀ, ਜਿਹੜਾ ਅਜੇ ਵੀ ਚੱਲ ਰਿਹਾ ਹੈ। ਇਨ੍ਹਾਂ ਪਲਾਟਾਂ ਵਿੱਚ ਅੱਠ ਤੇ ਦੋ ਕਮਰੇ ਬਣੇ ਹੋਏ ਹਨ। ਉਸ ਵੇਲੇ ਤੋਂ ਬਿਜਲੀ ਦੇ ਕੁਨੈਕਸ਼ਨ ਲੱਗੇ ਹਨ। ਸਰਬਜੀਤ ਸਿੰਘ ਮੱਕੜ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮਾਮਲੇ 'ਚ ਕਦੇ ਕੋਈ ਦਖਲ ਨਹੀਂ ਦਿੱਤਾ ਤੇ ਨਾ ਹੀ ਕਮੇਟੀ ਬਣਾਈ ਹੈ।

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration · Real Estate
Family Law · Business Closing
Corporate · Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਰਾਮਗੜ੍ਹੀਆ ਕੇਨੈਡੀਅਨ ਸਿਟੀਜ਼ਨ, ਉਮਰ 24 ਸਾਲ, ਕੱਦ 5'-6'', Pharmacy Graduate ਅਤੇ ਆਪਣਾ ਟਰੱਕਿੰਗ ਬਿਜ਼ਨਸ ਚਲਾ ਰਹੇ ਲੜਕੇ ਲਈ ਸੁੰਦਰ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। Send Bio data & Recent photo at whatsapp +1 647-294-1068 or +1 289-242-8681

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5'', ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

A handsome, slim & athletic Senior Software Engineer in a Toronto Bank, M.S from USC, California, Cultured, Never Married Canadian Permanent Resident, June 1980/5'7", owns house, seeks a suitable slim, cultured, professionally qualified match below 36. MUST Email BHP to sb2can@gmail.com / 6477455075

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋਂ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 I 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures. E -mail: matri.response2018@gmail. com 1 mnth

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5'', ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 I 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Wanted Office Clerk & Office Administrator
◦ Fluent in English & Hindi are essential
◦ Good communication skills
◦ Good computer skills
◦ Willing to work in a fast paced work environment.
Please Email Resume at: molly@jfgroup.ca

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
◦ $29 per hr
◦ Experience: 3-5 years
◦ Education has to be secondary high school or equivalent experience
Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੇ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

## ਸੰਤੋਖ ਚੌਧਰੀ ਪਤਨੀ ਦੇ ਨਾਂਅ 70 ਲੱਖ ਦਾ ਫਲੈਟ ਵੀ ਲਿਖਣਾ ਭੁੱਲ ਗਏ

ਜਲੰਧਰ, 24 ਅਪ੍ਰੈਲ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਲਈ ਨਾਮਜ਼ਦਗੀ ਕਾਗਜ਼ ਭਰਨ ਵੇਲੇ ਪੈੱਨ ਤੇ ਐਨਕ ਭੁੱਲਣ ਵਾਲੇ ਕਾਂਗਰਸੀ ਉਮੀਦਵਾਰ ਚੌਧਰੀ ਸੰਤੋਖ ਸਿੰਘ ਆਪਣੀ ਪਤਨੀ ਦੇ ਨਾਂਅ ਸੱਤਰ ਲੱਖ ਰੁਪਏ ਕੀਮਤ ਵਾਲਾ ਫਲੈਟ ਵੀ ਭੁੱਲ ਗਏ। ਇਸ ਗਲਤੀ ਨੂੰ ਸੁਧਾਰਨ ਲਈ ਚੌਧਰੀ ਸੰਤੋਖ ਸਿੰਘ ਨੇ ਕੱਲ੍ਹ ਦੋਬਾਰਾ ਕਾਗਜ਼ ਭਰੇ ਹਨ।

ਵਰਨਣ ਯੋਗ ਹੈ ਕਿ ਸੰਤੋਖ ਸਿੰਘ ਚੌਧਰੀ ਦੇ ਨਾਮਜ਼ਦਗੀ ਕਾਗਜ਼ ਵਿੱਚ ਪਰੋਪੋਜ਼ਰ ਤੇ ਸਮਰਥਕ ਬਣੇ ਵਿਧਾਇਕ ਰਾਜਿੰਦਰ ਬੇਰੀ ਅਤੇ ਕਰਤਾਰਪੁਰ ਦੇ ਵਿਧਾਇਕ ਸੁਰਿੰਦਰ ਚੌਧਰੀ ਨੇ ਉਨ੍ਹਾਂ ਦੇ ਕਾਗਜ਼ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਚੋਣ ਅਧਿਕਾਰੀ ਵਰਿੰਦਰ ਕੁਮਾਰ ਸ਼ਰਮਾ ਕੋਲ ਜਮ੍ਹਾ ਕਰਾਏ ਸਨ। ਜਲੰਧਰ ਲੋਕ ਸਭਾ ਹਲਕੇ ਤੋਂ ਦੂਸਰੀ ਵਾਰ ਕਾਂਗਰਸ ਉਮੀਦਵਾਰ ਬਣੇ ਚੌਧਰੀ ਸੰਤੋਖ ਸਿੰਘ ਨੇ ਸੋਮਵਾਰ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਮੌਜੂਦਗੀ ਵਿੱਚ ਨਾਮਜ਼ਦਗੀ ਪੱਤਰ ਭਰਿਆ ਤਾਂ ਦਸਤਖਤ ਕਰਨ ਲਈ ਨਾਲ ਖੜ੍ਹੇ ਸਾਬਕਾ ਪਾਰਲੀਮੈਂਟ ਮੈਂਬਰ ਮਹਿੰਦਰ ਸਿੰਘ ਕੇ ਪੀ ਨੇ ਆਪਣਾ ਪੈਨ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਐਨਕ ਦਿੱਤੀ ਸੀ। ਜ਼ਿਲ੍ਹਾ ਚੋਣ ਅਧਿਕਾਰੀ ਵਰਿੰਦਰ ਕੁਮਾਰ ਸ਼ਰਮਾ ਦਾ ਕਹਿਣਾ ਹੈ ਕਿ ਕੋਈ ਉਮੀਦਵਾਰ ਜਾਣੇ-ਅਣਜਾਣੇ ਹੋਈ ਭੁੱਲ ਦੀ ਸੁਧਾਰ ਲਈ ਨਾਮਜ਼ਦਗੀ ਕਾਗਜ਼ ਦੇ ਚਾਰ ਸੈੱਟ ਦਾਖਲ ਕਰ ਸਕਦਾ ਹੈ। 30 ਅਪ੍ਰੈਲ ਨੂੰ ਸਕਰੂਟਨੀ ਪਿੱਛੋਂ ਇਸ ਵਿੱਚ ਕੋਈ ਫੇਰਬਦਲ ਨਹੀਂ ਹੋ ਸਕਦਾ ਤੇ ਉਮੀਦਵਾਰ ਵੱਲੋਂ ਦਿੱਤੇ ਐਫੀਡੇਵਿਟ ਨੂੰ ਆਖਰੀ ਮੰਨਿਆ ਜਾਵੇਗਾ।

## ਟਿਕਟ ਨਾ ਮਿਲਣ ਕਾਰਨ ਭਾਜਪਾ ਨਾਲ ਨਾਰਾਜ਼ ਹੋਈ ਵਿਨੋਦ ਖੰਨਾ ਦੀ ਪਤਨੀ ਕਵਿਤਾ

### * ਇਕ-ਦੋ ਦਿਨਾਂ ਵਿੱਚ ਰਣਨੀਤੀ ਦਾ ਖੁਲਾਸਾ ਕਰੇਗੀ



ਗੁਰਦਾਸਪੁਰ, 24 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੀ ਗੁਰਦਾਸਪੁਰ ਲੋਕ ਸਭਾ ਸੀਟ ਦੇ ਲਈ ਭਾਜਪਾ ਵੱਲੋਂ ਫ਼ਿਲਮ ਸਟਾਰ ਸੰਨੀ ਦਿਓਲ ਨੂੰ ਟਿਕਟ ਦਿੱਤੇ ਜਾਣ ਦੇ ਕਾਰਨ ਇਸ ਟਿਕਟ ਦੀ ਆਸ ਲਾਈ ਬੈਠੀ ਮਰਹੂਮ ਪਾਰਲੀਮੈਂਟ ਮੈਂਬਰ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਅਤੇ ਉੱਪ ਚੋਣ ਵਿੱਚ ਹਾਰ ਚੁੱਕੇ ਸਵਰਨ ਸਲਾਰੀਆ ਨੂੰ ਗਹਿਰਾ ਝਟਕਾ ਲੱਗਾ ਹੈ। ਇਸ ਪਿੱਛੋਂ ਇਨ੍ਹਾਂ ਦੋਵਾਂ ਨੇ ਪਾਰਟੀ ਦੇ ਫ਼ੈਸਲੇ ਵਿਰੁੱਧ ਖੁੱਲ੍ਹ ਕੇ ਰੋਸ ਜ਼ਾਹਰ ਕੀਤਾ ਅਤੇ ਇਸ ਰੋਸ ਦੇ ਨਾਲ ਪਹਿਲੀ ਵਾਰ ਸਿਆਸਤ ਵਿੱਚ ਨਿੱਤਰੇ ਸੰਨੀ ਦਿਓਲ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ।

ਇਸ ਮਾਮਲੇ ਦੇ ਕੁਝ ਜਾਣਕਾਰਾਂ ਦਾ ਕਹਿਣਾ ਹੈ ਕਿ ਕਵਿਤਾ ਖੰਨਾ ਨੇ ਭਾਜਪਾ ਹਾਈ ਕਮਾਂਡ ਦੇ ਵਿਰੁੱਧ ਨਾਰਾਜ਼ਗੀ ਕਾਰਨ ਆਜ਼ਾਦ ਉਮੀਦਵਾਰ ਵਜੋਂ ਗੁਰਦਾਸਪੁਰ ਤੋਂ ਚੋਣ ਲੜਨ ਦੀ ਇੱਛਾ ਵਿਖਾਈ ਤੇ ਅਗਲੇ ਇਕ-ਦੋ ਦਿਨਾਂ ਵਿਚ ਏਥੇ ਆ ਕੇ ਅਗਲੀ ਰਣਨੀਤੀ ਦਾ ਖੁਲਾਸਾ ਕਰਨ ਦੀ ਗੱਲ ਕਹੀ ਹੈ। ਪਤਾ ਲੱਗਾ ਹੈ ਕਿ ਟਿਕਟ ਦੀ ਤਕੜੀ ਦਾਅਵੇਦਾਰ ਸਮਝੀ ਜਾ ਰਹੀ ਕਵਿਤਾ ਖੰਨਾ ਨੇ ਹਾਈ ਕਮਾਂਡ ਉੱਤੇ ਦਬਾਅ ਬਣਾਇਆ ਹੋਣ ਕਾਰਨ ਪਾਰਟੀ ਨੂੰ ਅੰਤਿਮ ਫ਼ੈਸਲਾ ਲੈਣ ਦਾ ਕੁਝ ਵੱਧ ਸਮਾਂ ਲੱਗਾ। ਫਿਰ ਸਨੀ ਦਿਓਲ ਦੇ ਨਾਂਅ ਦਾ ਐਲਾਨ ਹੋ ਜਾਣ ਪਿੱਛੋਂ ਕਵਿਤਾ ਖੰਨਾ ਨੇ ਮੀਡੀਆ ਨੂੰ ਦਿੱਤੇ ਪ੍ਰਤੀਕਰਮ ਵਿੱਚ ਏਥੋਂ ਤਕ ਆਖ਼ ਦਿੱਤਾ ਕਿ ਉਹ ਆਪਣੇ ਪਤੀ ਸਵਰਗੀ ਪਤੀ ਵਿਨੋਦ ਖੰਨਾ ਦੀ ਵਿਰਾਸਤ ਅੱਗੇ ਵਧਾਉਣਾ ਚਾਹੁੰਦੀ ਸੀ, ਪਾਰਟੀ ਨੇ ਪਹਿਲਾਂ 2017 ਦੀ ਉੱਪ ਚੋਣ ਸਮੇਂ ਸੀ ਉਸ ਦਾ ਦਿਲ ਤੋੜਿਆ ਤੇ ਭਰੋਸਾ ਦਿੱਤਾ ਸੀ ਕਿ ਆਮ ਚੋਣਾਂ ਦੇ ਵਕਤ ਉਨ੍ਹਾਂ ਨੂੰ ਟਿਕਟ ਦਿੱਤੀ ਜਾਵੇਗੀ। ਇਸ ਵਾਰ ਫਿਰ ਪਾਰਟੀ ਨੇ ਵਿਸ਼ਵਾਸ ਤੋੜਿਆ ਹੈ। ਕਵਿਤਾ ਨੇ ਕਿਹਾ ਕਿ ਸੰਨੀ ਦਿਓਲ ਦੇ ਪਰਿਵਾਰ ਨਾਲ ਪੁਰਾਣੇ ਰਿਸ਼ਤੇ ਹਨ ਤੇ ਉਸ ਨਾਲ ਗ਼ਿਲਾ ਨਹੀਂ, ਪਰ ਪਾਰਟੀ ਨੇ ਠੀਕ ਨਹੀਂ ਕੀਤਾ।

ਦੂਜੇ ਪਾਸੇ ਸਾਲ 2017 ਦੀ ਉੱਪ ਚੋਣ ਵਿਚ ਭਾਜਪਾ ਦੀ ਟਿਕਟ ਉੱਤੇ ਚੋਣ ਲੜ ਕੇ ਕਾਂਗਰਸ ਦੇ ਸੁਨੀਲ ਜਾਖੜ ਤੋਂ ਵੱਡੇ ਫ਼ਰਕ ਨਾਲ ਹਾਰ ਚੁੱਕੇ ਕਾਰੋਬਾਰੀ ਸਵਰਨ ਸਲਾਰੀਆ ਨੂੰ ਟਿਕਟ ਨਾ ਮਿਲਣ ਦਾ ਝਟਕਾ ਲੱਗਾ ਹੈ। ਉਸ ਨੇ ਐਨ ਆਰ ਆਈਜ਼ ਤੇ ਹੋਰ ਸਮਰਥਕਾਂ ਨੂੰ ਆਪਣੇ ਹੱਕ ਵਿਚ ਲਾਮਬੰਦ ਕਰਨਾ ਸ਼ੁਰੂ ਕੀਤਾ ਅਤੇ 27 ਅਪ੍ਰੈਲ ਨੂੰ ਗੁਰਦਾਸਪੁਰ ਵਿਚ ਪ੍ਰੈੱਸ ਕਾਨਫਰੰਸ ਰੱਖ ਲਈ ਹੈ, ਜਿੱਥੇ ਉਹ ਅਗਲੀ ਰਣਨੀਤੀ ਦਾ ਖ਼ੁਲਾਸਾ ਕਰਨਗੇ।

## ਰਾਹੁਲ ਗਾਂਧੀ ਨੇ ਅਮਿਤ ਸ਼ਾਹ ਨੂੰ ਕਤਲ ਦਾ ਦੋਸ਼ੀ ਦੱਸਿਆ

ਜਬਲਪੁਰ, 24 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੂੰ ਕਤਲ ਦਾ ਦੋਸ਼ੀ ਕਹਿ ਦਿੱਤਾ ਹੈ, ਜਿਸ ਤੋਂ ਇੱਕ ਹੋਰ ਵਿਵਾਦ ਛਿੜ ਸਕਦਾ ਹੈ। ਕੱਲ੍ਹ ਰਾਹੁਲ ਗਾਂਧੀ ਨੇ ਸਿਹੋਰਾ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਭ੍ਰਿਸ਼ਟਾਚਾਰ ਦੇ ਮੁੱਦੇ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਅਤੇ ਕਿਹਾ ਕਤਲ ਦੇ ਦੋਸ਼ੀ ਭਾਜਪਾ ਪ੍ਰਧਾਨ ਅਮਿਤ ਸ਼ਾਹ ਹਨ, ਵਾਹ ਸ਼ਾਨ ਹੈ, ਜੈ ਸ਼ਾਹ ਦਾ ਨਾਂਅ ਸੁਣਿਆ ਹੈ ਤੁਸੀਂ? ਉਨ੍ਹਾਂ ਨੇ ਅੱਗੇ ਕਿਹਾ, ਅਮਿਤ ਸ਼ਾਹ ਦੇ ਬੇਟੇ ਜੈ ਸ਼ਾਹ ਤਿੰਨ ਮਹੀਨੇ ਵਿੱਚ 50 ਹਜ਼ਾਰ ਰੁਪਏ ਤੋਂ ਅੱਸੀ ਕਰੋੜ ਰੁਪਏ ਬਣਾਉਂਦੇ ਹਨ ਅਤੇ ਪ੍ਰਧਾਨ ਮੰਤਰੀ ਦੇਸ਼ ਦੇ ਨੌਜਵਾਨਾਂ ਨੂੰ ਕਹਿੰਦੇ ਹਨ ਕਿ ਪਕੌੜੇ ਵੇਚੋ। ਰਾਹੁਲ ਗਾਂਧੀ ਨੇ ਭ੍ਰਿਸ਼ਟਾਚਾਰ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ।

## ਪਾਦਰੀ ਕਾਂਡ ਵਿੱਚ ਐਸ ਐਸ ਪੀ ਦਹੀਆ ਕੋਲੋਂ ਵੀ ਪੁੱਛਗਿੱਛ



ਐਸ ਐਸ ਪੀ ਧਰੁਵ ਦਹੀਆ

ਖੰਨਾ, 24 ਅਪ੍ਰੈਲ (ਪੋਸਟ ਬਿਊਰੋ)- ਜਲੰਧਰ ਦੇ ਪਾਦਰੀ ਐਂਥਨੀ ਦੇ 6.66 ਕਰੋੜ ਰੁਪਏ ਗਾਇਬ ਕਰਨ ਦੇ ਮਾਮਲੇ 'ਚ ਮੁਖਬਰ ਸੁਰਿੰਦਰ ਸਿੰਘ ਵੱਲੋਂ ਇਹ ਖੁਲਾਸਾ ਕਰਨ ਉੱਤੇ ਕਿ ਰੇਡ ਮਗਰੋਂ ਸੀ ਆਈ ਏ ਸਟਾਫ ਖੰਨਾ ਵਿੱਚ ਉਸ ਨੂੰ ਐਸ ਐਸ ਪੀ ਧਰੁਵ ਦਹੀਆ ਨੇ ਦੋ ਲੱਖ ਰੁਪਏ ਨਕਦ ਇਨਾਮ ਵਜੋਂ ਦਿੱਤੇ ਸਨ, ਇਸ ਦੀ ਜਾਂਚ ਵਾਸਤੇ ਆਈ ਜੀ ਪ੍ਰਵੀਨ ਕੁਮਾਰ ਸਿਨਹਾ ਕੱਲ੍ਹ ਬਾਅਦ ਦੁਪਹਿਰ ਕਰੀਬ ਸਾਢੇ ਤਿੰਨ ਵਜੇ ਖੰਨਾ ਪੁੱਜੇ। ਉਨ੍ਹਾਂ ਨਾਲ ਜਾਂਚ ਟੀਮ ਦੇ ਹੋਰ ਅਧਿਕਾਰੀ ਵੀ ਸਨ, ਜਿਨ੍ਹਾਂ ਵਿੱਚ ਪਟਿਆਲਾ ਦੇ ਐਸ ਐਸ ਪੀ ਮਨਦੀਪ ਸਿੰਘ ਸਿੱਧੂ ਸ਼ਾਮਲ ਸਨ।

ਪਤਾ ਲੱਗਾ ਹੈ ਕਿ ਇਸ ਮੌਕੇ ਆਈ ਜੀ ਪ੍ਰਵੀਨ ਕੁਮਾਰ ਸਿਨਹਾ ਨੇ ਅਨਾਜ ਮੰਡੀ ਵਿੱਚ ਪੁਲਸ ਲਾਈਨ ਵਿੱਚ ਐਸ ਐਸ ਪੀ ਦਹੀਆ ਕੋਲੋਂ ਪੁੱਛਗਿੱਛ ਕੀਤੀ ਸੀ। ਸੂਤਰਾਂ ਮੁਤਾਬਕ ਆਈ ਜੀ ਨੇ ਐਸ ਐਸ ਪੀ ਨੂੰ ਇਹ ਪੁੱਛਿਆ ਕਿ ਦੋ ਲੱਖ ਰੁਪਏ ਨਕਦ ਇਨਾਮ ਕਿੱਥੋਂ ਤੇ ਕਿਉਂ ਦਿੱਤੇ ਸਨ, ਜਿਸ ਦਾ ਐਸ ਐਸ ਪੀ ਸਾਫ ਜਵਾਬ ਨਹੀਂ ਦੇ ਸਕੇ। ਇਸ ਕਾਂਡ ਨਾਲ ਜੁੜੇ ਹੋਰ ਵੀ ਕਈ ਸਵਾਲ ਆਈ ਜੀ ਨੇ ਪੁੱਛੇ ਸਮਝੇ ਜਾਂਦੇ ਹਨ। ਆਈ ਜੀ ਨੇ ਜੋਗਿੰਦਰ ਸਿੰਘ ਨੂੰ ਆਪਣੀ ਗੱਡੀ ਦੇਣ ਵਾਲੇ ਏ ਐਸ ਆਈ ਦਿਲਬਾਗ ਸਿੰਘ ਤੋਂ ਵੀ ਕਈ ਸਵਾਲ ਪੁੱਛੇ। ਪੁੱਛਗਿੱਛ ਮਗਰੋਂ ਆਈ ਜੀ ਸਿਨਹਾ ਨੇ ਜੀ ਟੀ ਰੋਡ 'ਤੇ ਭੱਟੀਆਂ ਤੋਂ ਅਨਾਜ ਮੰਡੀ ਵਿੱਚ ਏ ਐਸ ਆਈ ਦਿਲਬਾਗ ਸਿੰਘ ਦੀ ਦੁਕਾਨ ਤੱਕ ਦੁਬਾਰਾ ਕ੍ਰਾਈਮ ਸੀਨ ਵੀ ਦੇਖਿਆ ਕਿ ਕਿਸ ਤਰ੍ਹਾਂ ਖੰਨਾ ਵਿੱਚ ਗੱਡੀ ਬਦਲੀ ਗਈ ਤੇ ਕਿਹੜੇ ਰਸਤੇ ਵਰਤੇ ਗਏ। ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਡਿਲੀਟ ਕਰਨ ਬਾਰੇ ਆਈ ਜੀ ਵੱਲੋਂ ਪੈਟਰੋਲ ਪੰਪ ਮਾਲਕ ਤੋਂ ਵੀ ਪੁੱਛਗਿੱਛ ਕੀਤੀ ਗਈ ਕਿ ਆਖਰ ਉਸ ਨੇ ਅਜਿਹਾ ਕਿਸ ਦੇ ਕਹਿਣ ਉੱਤੇ ਕੀਤਾ ਸੀ। ਦੱਸਿਆ ਜਾਂਦਾ ਹੈ ਕਿ ਪੈਟਰੋਲ ਪੰਪ ਮਾਲਕ ਨੇ ਖੰਨਾ ਪੁਲਸ ਜ਼ਿਲੇ ਦੇ ਇਕ ਅਧਿਕਾਰੀ ਦਾ ਨਾਂਅ ਲਿਆ, ਜੋ ਵਾਰਦਾਤ ਮਗਰੋਂ ਪੰਪ ਦੇ ਕੈਮਰੇ ਚੈਕ ਕਰਨ ਆਇਆ ਸੀ।

ਆਈ ਜੀ ਸਿਨਹਾ ਨੇ ਕਿਹਾ ਕਿ ਉਹ ਪਾਦਰੀ ਕਾਂਡ ਦੀ ਜਾਂਚ ਸਬੰਧੀ ਆਏ ਸਨ ਅਤੇ ਕਈ ਲੋਕਾਂ ਕੋਲੋਂ ਪੁੱਛਗਿੱਛ ਕੀਤੀ ਹੈ। ਜਾਂਚ ਹਾਲੇ ਜਾਰੀ ਹੈ। ਇਸ ਸਬੰਧੀ ਹੋਰ ਕੋਈ ਵੀ ਖੁਲਾਸਾ ਕਰਨਾ ਸੰਭਵ ਨਹੀਂ ਹੈ।

## ਸਾਧਵੀ ਪ੍ਰਗਿਆ ਦੇ ਕੇਸ ਵਿੱਚ ਐਨ ਆਈ ਏ ਨੇ ਹੱਥ ਖਿੱਚ ਲਏ

ਮੁੰਬਈ, 24 ਅਪ੍ਰੈਲ (ਪੋਸਟ ਬਿਊਰੋ)- ਸਾਲ 2008 ਦੇ ਮਾਲੇਗਾਓਂ ਧਮਾਕੇ ਲਈ ਦੋਸ਼ੀ ਵਜੋਂ ਜੇਲ੍ਹ ਵਿੱਚ ਦਸ ਸਾਲ ਤੱਕ ਰਹਿ ਚੁੱਕੀ ਭਾਜਪਾ ਨੇਤਾ ਸਾਧਵੀ ਪ੍ਰਗਿਆ ਸਿੰਘ ਠਾਕੁਰ ਦੇ ਚੋਣ ਲੜਨ 'ਤੇ ਰੋਕ ਲਗਾਉਣ ਦੀ ਪਟੀਸ਼ਨ ਦੇ ਮਾਮਲੇ ਵਿੱਚ ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ ਖੁਦ ਨੂੰ ਵੱਖ ਕਰ ਲਿਆ ਹੈ। ਜਾਂਚ ਏਜੰਸੀ ਦਾ ਕਹਿਣਾ ਹੈ ਕਿ ਇਹ ਉਸ ਦੇ ਅਧਿਕਾਰ ਖੇਤਰ ਦੇ ਬਾਹਰ ਦਾ ਮਾਮਲਾ ਹੈ ਅਤੇ ਇਸ ਬਾਰੇ ਚੋਣ ਕਮਿਸ਼ਨ ਆਪ ਫੈਸਲਾ ਲਵੇਗਾ। ਭੋਪਾਲ ਤੋਂ ਭਾਜਪਾ ਦੀ ਉਮੀਦਵਾਰ ਪ੍ਰਗਿਆ ਸਿੰਘ ਨੇ ਉਸ ਨੂੰ ਲੋਕ ਸਭਾ ਚੋਣ ਲੜਨ ਤੋਂ ਰੋਕਣ ਦੀ ਪਟੀਸ਼ਨ ਰੱਦ ਕਰਨ ਦੀ ਅਪੀਲ ਕੀਤੀ ਹੋਈ ਹੈ। ਕੱਲ੍ਹ ਐਨ ਆਈ ਏ ਨੇ ਆਪਣਾ ਜਵਾਬ ਦਾਖਲ ਕਰਦੇ ਹੋਏ ਕਿਹਾ ਕਿ ਇਹ ਮਾਮਲਾ ਚੋਣ ਕਮਿਸ਼ਨ ਨਾਲ ਸਬੰਧਤ ਤੇ ਸਾਡੇ ਅਧਿਕਾਰ ਖੇਤਰ ਤੋਂ ਬਾਹਰ ਹੈ। ਇਸ 'ਤੇ ਫੈਸਲਾ ਸਿਰਫ ਚੋਣ ਕਮਿਸ਼ਨ ਕਰ ਸਕਦਾ ਹੈ। ਪ੍ਰਗਿਆ ਸਿੰਘ ਠਾਕੁਰ ਨੇ ਆਪਣੀ ਜ਼ਮਾਨਤ ਦੀ ਰੱਦ ਕਰਨ ਦੀ ਅਰਜ਼ੀ ਦੇ ਜਵਾਬ ਵਿੱਚ ਆਪਣੇ ਐਫੀਡੇਵਿਟ 'ਚ ਕਿਹਾ ਕਿ ਇਸ ਸਬੰਧ ਵਿੱਚ ਇਕ ਪਟੀਸ਼ਨ ਪਹਿਲਾਂ ਤੋਂ ਸੁਪਰੀਮ ਕੋਰਟ 'ਚ ਪੈਂਡਿੰਗ ਹੈ। ਇਸ ਦੇ ਬਾਅਦ ਅਦਾਲਤ ਨੇ ਕੇਸ ਅਗਲੀ ਸੁਣਵਾਈ ਤੱਕ ਮੁਲਤਵੀ ਕਰ ਦਿੱਤਾ।


Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ: 416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Help Wanted for Pizza Store
Maple ਵਿੱਚ ਇਕ ਬਿਜੀ ਪੀਜਾ ਸਟੋਰ ਤੇ ਕੰਮ ਕਰਨ ਵਾਸਤੇ ਲੇਡੀਜ ਵਰਕਰ ਦੀ ਜਰੂਰਤ ਹੈ। ਫੁੱਲ ਟਾਈਮ ਜੋਬ ਹੈ ਅਤੇ ਨਾਲ ਹੀ ਪੀਜਾ ਡਿਲਵਰੀ PART TIME ਡਰਇਵਰਾਂ ਦੀ ਜਰੂਰਤ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ।
ਹੋਰ ਜਾਣਕਾਰੀ ਵਾਸਤੇ ਸਵੇਰ ਦੇ 10 ਵਜੇ ਤੋਂ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
647-704-3799 or 647-705-9736

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week "Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
○ $50 per hr
○ Experience: 5 years or more
○ Education: Bachelors Degree Business/Commerce
Email Resume at umar.w@cellntell.com

Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD) 416.554.1869 damanjit@hotmail.com

BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਬਿਨਾਂ ਬੋਲੇ 'ਹਾਂ' ਜਾਂ 'ਨਾਂਹ' ਕਹਿਣ ਦੀ ਕਲਾ

-ਕਰਣ ਥਾਪਰ

'Yes' ਤਿੰਨ ਅੱਖਰਾਂ ਦਾ ਇੱਕ ਆਸਾਨ ਜਿਹਾ ਸ਼ਬਦ ਹੈ, ਜੋ ਅਕਸਰ ਵਰਤਿਆ ਜਾਂਦਾ ਹੈ, ਪਰ ਅਜਿਹਾ ਸਮਾਂ ਵੀ ਆਉਂਦਾ ਹੈ, ਜਦੋਂ ਸ਼ਬਦੀ ਅਰਥ ਗਲੇ ਵਿੱਚ ਅਟਕ ਜਾਂਦਾ ਹੈ। ਤ੍ਰਾਸਦੀ ਇਹ ਹੈ ਕਿ ਅਜਿਹਾ ਮੌਕਾ ਉਦੋਂ ਹੁੰਦਾ ਹੈ, ਜਦੋਂ ਸਾਡੇ 'ਚੋਂ ਜ਼ਿਆਦਾਤਰ ਲੋਕ 'ਹਾਂ' ਬੋਲਣਾ ਚਾਹੁੰਦੇ ਹਨ। ਫਿਰ ਵੀ ਕਈ ਵਾਰ ਉਨ੍ਹਾਂ ਦੇ ਮੂੰਹ 'ਚੋਂ 'ਹਾਂ' ਦੀ ਬਜਾਏ 'ਨਾਂਹ' ਹੀ ਨਿਕਲ ਜਾਂਦੀ ਹੈ।

ਜ਼ਰਾ ਕਲਪਨਾ ਕਰੋ ਕਿ ਛੋਟੇ ਬੱਚਿਆਂ ਨੂੰ ਕਿੰਨੀ ਵਾਰ ਇਹ ਪੁੱਛਿਆ ਜਾਂਦਾ ਹੋਵੇਗਾ ਕਿ ਉਹ ਉਲਟ ਲਿੰਗ ਦੇ ਕਿਸੇ ਮੈਂਬਰ ਨੂੰ ਪਸੰਦ ਕਰਦੇ ਹਨ ਅਤੇ ਉਹ 'ਹਾਂ' ਨਹੀਂ ਕਹਿ ਸਕਦੇ? ਇਸ ਕਿਸਮ ਦੇ ਸ਼ਰਮੀਲੇਪਣ ਕਾਰਨ ਹੋ ਸਕਦਾ ਹੈ ਕਿ ਖੇਡ ਉਨ੍ਹਾਂ ਦੇ ਹੱਥੋਂ ਨਿਕਲ ਜਾਵੇ, ਪਰ ਉਨ੍ਹਾਂ ਦੇ ਬੁੱਲ੍ਹ 'ਹਾਂ' ਨਹੀਂ ਬੋਲ ਪਾਉਂਦੇ ਜਾਂ ਫਿਰ ਉਨ੍ਹਾਂ ਬਾਲਗਾਂ ਦੀ ਕਲਪਨਾ ਕਰੋ, ਜੋ ਗੁੱਸੇ ਵਿੱਚ ਹੁੰਦੇ ਹਨ ਅਤੇ ਜੇ ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਕੀ ਉਹ ਦੁਖੀ ਹਨ, ਤਾਂ ਉਹ 'ਹਾਂ' ਨਹੀਂ ਕਹਿ ਪਾਉਂਦੇ। ਬੱਚੇ ਅਕਸਰ ਜ਼ਿਆਦਾ ਸ਼ਰਮੀਲੇਪਣ ਕਾਰਨ ਇਹ ਸ਼ਬਦ ਨਹੀਂ ਬੋਲ ਪਾਉਂਦੇ, ਪਰ ਬਾਲਗ ਅਕਸਰ ਹੰਕਾਰ ਕਾਰਨ ਇਸ ਸ਼ਬਦ ਦਾ ਉਚਾਰਣ ਨਹੀਂ ਕਰਦੇ।

ਜਿਸ ਤਰ੍ਹਾਂ ਅਸੀਂ 'ਤਕੱਲੁਫ' ਬਾਰੇ ਸੰਵੇਦਨਹੀਣ ਰਹਿੰਦੇ ਹਾਂ, ਉਸ ਨਾਲ ਸਾਡੇ ਸੱਭਿਆਚਾਰ ਵਿੱਚ ਵਿਸ਼ੇਸ ਤੌਰ 'ਤੇ ਕਈ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਅਕਸਰ ਇਹ ਹੁੰਦਾ ਹੈ ਕਿ ਤੁਸੀਂ ਹਾਂ ਜਾਂ 'ਯੈਸ' ਕਹਿਣਾ ਚਾਹੁੰਦੇ ਹੋ, ਪਰ ਤੁਹਾਨੂੰ ਪਤਾ ਨਹੀਂ ਲੱਗਦਾ ਕਿ ਤੁਹਾਡੇ ਮੂੰਹ 'ਚੋਂ 'ਨਾਂਹ' ਨਿਕਲ ਜਾਂਦੀ ਹੈ। ਬਹੁਤ ਸਾਰੇ ਮੌਕਿਆਂ 'ਤੇ ਮੈਨੂੰ ਪੁੱਛਿਆ ਗਿਆ ਕਿ ਕੀ ਮੈਂ ਖਾਣੇ ਵਿੱਚ ਕੁਝ ਹੋਰ ਲੈਣਾ ਚਾਹਾਂਗਾ? ਹਾਲਾਂਕਿ ਮੇਰੀ ਲਾਲਸਾ ਕੁਝ ਹੋਰ ਖਾਣ ਦੀ ਹੁੰਦੀ ਹੈ, ਪਰ ਮੂਰਖਤਾ ਭਰੇ ਸੰਕੋਚ ਜਾਂ ਭਰਮ ਵਾਲੀ ਸ਼ਾਲੀਨਤਾ ਕਾਰਨ ਮੈਂ 'ਯੈਸ' ਬੋਲ ਜਾਂਦਾ। ਭਾਰਤ ਵਿੱਚ ਸਾਡੀ ਜਾਨ ਇਸ ਲਈ ਬਚ ਜਾਂਦੀ ਹੈ ਕਿ ਸਾਡੇ ਇਥੇ ਆਮ ਤੌਰ 'ਤੇ ਦੋ ਜਾਂ ਤਿੰਨ ਵਾਰ ਬੇਨਤੀ ਕੀਤੀ ਜਾਂਦੀ ਹੈ, ਪਰ ਬ੍ਰਿਟੇਨ ਜਾਂ ਅਮਰੀਕਾ ਵਿੱਚ, ਜਿੱਥੇ ਤੁਹਾਨੂੰ ਇੱਕੋ ਵਾਰ ਪੁੱਛਿਆ ਜਾਂਦਾ ਹੈ, ਉਥੇ ਤੁਸੀਂ ਨਿਸ਼ਚੇ ਹੀ ਮੂਰਖ ਰਹਿ ਜਾਂਦੇ ਹੋ।

ਬੀਤੇ ਐਤਵਾਰ ਮੈਨੂੰ ਇਹ ਪਤਾ ਲੱਗਾ ਕਿ ਅਸਲ ਵਿੱਚ ਉਚਾਰਣ ਕੀਤੇ ਬਿਨਾਂ 'ਯੈਸ' ਕਹਿਣ ਦੇ ਬਹੁਤ ਹੀ ਕਲਾਤਮਕ ਤਰੀਕੇ ਮੌਜੂਦ ਹਨ। ਹਾਰਵਰਡ ਕਲੱਬ ਆਫ ਇੰਡੀਆ ਲਈ ਸੁਪਰੀਮ ਕੋਰਟ ਨੇ ਦੂਜੇ ਸੀਨੀਅਰ ਮੋਸਟ ਜੱਜ ਜਸਟਿਸ ਚੇਲਾਮੇਸ਼ਵਰ ਦੀ ਇੱਕ ਘੰਟਾ ਲੰਮੀ ਇੰਟਰਵਿਊ ਦੌਰਾਨ ਬਿਲਕੁਲ ਅਜਿਹਾ ਹੀ ਹੋਇਆ। ਅਸੀਂ ਨਿਆਂ ਪਾਲਿਕਾ ਨਾਲ ਜੁੜੀਆਂ ਕਈ ਸਮੱਸਿਆਵਾਂ ਤੇ ਵਿਵਾਦਾਂ ਅਤੇ ਸਰਕਾਰ ਦੇ ਨਾਲ ਇਸ ਦੇ ਰਿਸ਼ਤਿਆਂ 'ਤੇ ਗੱਲਬਾਤ ਕਰ ਰਹੇ ਸੀ। ਜੱਜਾਂ ਲਈ ਅਜਿਹੇ ਵਿਸ਼ਿਆਂ 'ਤੇ ਜਨਤਕ ਚਰਚਾ ਕਰਨਾ ਅਟਪਟਾ ਹੁੰਦਾ ਹੈ। ਅਸਲ 'ਚ ਬਹੁਤ ਸਾਰੇ ਲੋਕਾਂ ਦਾ ਤਾਂ ਇਹੀ ਮੰਨਣਾ ਹੈ ਕਿ ਉਨ੍ਹਾਂ ਨੂੰ ਜਨਤਕ ਤੌਰ 'ਤੇ ਅਜਿਹੀਆਂ ਗੱਲਾਂ ਕਰਨੀਆਂ ਹੀ ਨਹੀਂ ਚਾਹੀਦੀਆਂ।

ਜਸਟਿਸ ਚੇਲਾਮੇਸ਼ਵਰ ਅਜਿਹਾ ਕਰਨ 'ਤੇ ਰਾਜ਼ੀ ਹੋ ਗਏ ਤੇ ਇਸ ਲਈ ਉਨ੍ਹਾਂ ਦੇ ਸਾਹਮਣੇ ਇਹ ਸਮੱਸਿਆ ਪੈਦਾ ਹੋ ਗਈ ਕਿ ਪਾਰਦਰਸ਼ਿਤਾ ਅਤੇ ਬੋਲ-ਬਾਣੀ 'ਤੇ ਸੰਕੋਚ ਦੇ ਵਿਚਾਲੇ ਸੰਤੁਲਨ ਕਿਵੇਂ ਬਣਾ ਕੇ ਰੱਖਿਆ ਜਾਵੇ। ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਇਸ ਨੂੰ ਬਹੁਤ ਸਾਰੇ ਲੋਕ ਸੱਚ ਮੰਨਦੇ ਹੋਣ, ਉਸ ਨੂੰ ਲੁਕਾਉਂਦੇ ਹੋਏ ਵੀ ਸੱਚਾਈ ਕਿਵੇਂ ਉਗਲਣੀ ਹੈ।

ਜਸਟਿਸ ਚੇਲਾਮੇਸ਼ਰ ਨੇ ਕੁਝ ਅਤਿਅੰਤ ਚਲਾਕੀ ਭਰੇ ਦਾਅ-ਪੇਚ ਅਪਣਾ ਕੇ ਇਹ ਸਮੱਸਿਆ ਹੱਲ ਕੀਤੀ। ਪਹਿਲਾ ਦਾਅ ਸੀ ਪੂਰੇ ਚਿਹਰੇ 'ਤੇ ਫੈਲੀ ਹੋਈ ਮੁਸਕੁਰਾਹਟ, ਜਿਸ ਨਾਲ ਉਨ੍ਹਾਂ ਦੀਆਂ ਅੱਖਾਂ ਵੀ ਜਗਮਗਾ ਉਠਦੀਆਂ ਸਨ ਅਤੇ ਬਿਨਾਂ ਕੋਈ ਸ਼ਬਦ ਬੋਲੇ ਸੰਕੇਤ ਸਾਫ ਹੋ ਜਾਂਦਾ ਸੀ। ਵਿੱਚ-ਵਿੱਚ ਜਦੋਂ ਉਹ ਲੰਮੀ ਚੁੱਪੀ ਧਾਰ ਲੈਂਦੇ ਤਾਂ ਉਨ੍ਹਾਂ ਦਾ ਨੁਕਤਾ ਹਰ ਕਿਸੇ ਦੀ ਸਮਝ 'ਚ ਆ ਜਾਂਦਾ। ਜ਼ਿਆਦਾਤਰ ਸਰੋਤੇ ਸਮਝ ਜਾਂਦੇ ਸਨ ਕਿ ਜਸਟਿਸ ਚੇਲਾਮੇਸ਼ਵਰ ਦੇ ਮਨ ਵਿੱਚ ਕੀ ਹੈ, ਹਾਲਾਂਕਿ ਉਨ੍ਹਾਂ ਨੇ ਮੂੰਹੋਂ ਕੁਝ ਵੀ ਨਹੀਂ ਬੋਲਿਆ ਹੁੰਦਾ ਸੀ।

ਦੂਜਾ ਦਾਅ ਬਿਲਕੁਲ ਨਵੀਂ ਕਿਸਮ ਦਾ ਸੀ। 'ਯੈਸ' ਕਹਿਣ ਦੀ ਬਜਾਏ ਜਸਟਿਸ ਚੇਲਾਮੇਸ਼ਵਰ ਬੱਸ ਥੋੜ੍ਹਾ ਜਿਹਾ ਗੁਣਗੁਣਾਉਂਦੇ। ਜ਼ਿਆਦਾਤਰ ਮੌਕਿਆਂ 'ਤੇ ਇਹ ਨੱਕ 'ਚੋਂ ਨਿਕਲਣ ਵਾਲੀ ਗੁਣਗੁਣਾਹਟ ਅਨਿਸ਼ਚਿਤਤਾ ਜਾਂ ਡੂੰਘੇ ਚਿੰਤਨ ਦਾ ਅਹਿਸਾਸ ਦਿੰਦੀ ਹੈ, ਪਰ ਜਦੋਂ ਜਸਟਿਸ ਚੇਲਾਮੇਸ਼ਵਰ ਇਹ ਦਾਅ-ਪੇਚ ਵਰਤਦੇ ਤਾਂ ਇਹ 'ਯੈਸ' ਦਾ ਹੀ ਬਦਲ ਹੁੰਦਾ ਸੀ। ਸੱਚਾਈ ਇਹ ਹੈ ਕਿ ਖੁਦ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਚਾਉਂਦੇ ਹੋਏ ਮੂੰਹੋਂ ਬਿਨਾਂ ਕੋਈ ਸ਼ਬਦ ਬੋਲੇ 'ਯੈਸ' (ਹਾਂ) ਕਹਿਣ ਦੀ ਕਲਾ ਕੋਈ ਆਸਾਨ ਕੰਮ ਨਹੀਂ। ਇਸ ਕਲਾ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਸਿਆਸਤਦਾਨਾਂ ਨੂੰ ਹੁੰਦੀ ਹੈ, ਪਰ ਉਹ ਅਕਸਰ ਇਸ ਵਿੱਚ ਸਭ ਤੋਂ ਘੱਟ ਮਾਹਰ ਹੁੰਦੇ ਹਨ। ਤੁਸੀਂ ਜ਼ਰਾ ਉਨ੍ਹਾਂ ਦੀ ਇੰਟਰਵਿਊ ਦੇਖੋ ਤਾਂ ਤੁਹਾਨੂੰ ਸਾਫ ਪਤਾ ਲੱਗ ਜਾਵੇਗਾ ਕਿ ਉਹ ਕਿਸ ਤਰ੍ਹਾਂ ਮੂੰਹੋਂ ਬੋਲੇ ਬਿਨਾਂ 'ਹਾਂ' ਕਹਿਣ ਲਈ ਪ੍ਰੇਸ਼ਾਨ ਹੁੰਦੇ ਹਨ। ਆਮ ਤੌਰ 'ਤੇ ਉਨ੍ਹਾਂ ਦੀ ਜ਼ੁਬਾਨ ਤਿਲਕ ਹੀ ਜਾਂਦੀ ਹੈ ਅਤੇ ਅਕਸਰ ਉਹ ਖੁਦ ਨੂੰ ਪ੍ਰੇਸ਼ਾਨੀ ਵਿੱਚ ਪਾ ਦਿੰਦੇ ਹਨ।

ਇਸ ਦੇ ਉਲਟ ਜਸਟਿਸ ਚੇਲਾਮੇਸ਼ਵਰ ਨਾ ਸਿਰਫ ਇਸ ਕਿਸਮ ਦੇ ਸ਼ਬਦੀ ਜਾਲ ਨੂੰ ਹੈਂਡਲ ਕਰਨ 'ਚ ਮਾਹਿਰ ਸਨ, ਸਗੋਂ ਬਹੁਤ ਮਾਣਮੱਤੇ ਢੰਗ ਨਾਲ ਇਸ ਇੰਟਰਵਿਊ 'ਚੋਂ ਜੇਤੂ ਹੋ ਕੇ ਨਿਕਲੇ। ਦੁੱਖ ਦੀ ਗੱਲ ਹੈ ਕਿ ਮੇਰੇ 'ਚ ਉਨ੍ਹਾਂ ਵਰਗਾ ਆਤਮ-ਸੰਜਮ ਨਹੀਂ। ਮੈਂ ਆਮ ਤੌਰ 'ਤੇ ਜਵਾਬ ਦੇਣ 'ਚ ਬਹੁਤ ਫੁਰਤੀ ਦਿਖਾਉਂਦਾ ਹਾਂ, ਬਾਅਦ 'ਚ ਮੈਨੂੰ ਇਸ ਗੱਲ ਦਾ ਅਫਸੋਸ ਹੀ ਹੁੰਦਾ ਹੈ।

ਜਦੋਂ ਤੁਸੀਂ ਸੁਚੇਤ ਰੂਪ ਵਿੱਚ ਦੁੱਖ 'ਤੇ ਸੰਜਮ ਬਣਾਈ ਰੱਖਦੇ ਹੋ, ਸਿਰਫ ਉਦੋਂ ਹੀ ਤੁਹਾਨੂੰ ਮੁਸਕਰਾਉਣ ਜਾਂ ਹੂੰ-ਹਾਂ ਦੀ ਸ਼ੈਲੀ 'ਚ ਗੁਣਗੁਣਾਉਣ ਦਾ ਮੌਕਾ ਮਿਲਦਾ ਹੈ।

# ਜ਼ਿੰਦਾਦਿਲੀ ਦਾ ਨਾਮ ਹੈ ਜ਼ਿੰਦਗੀ

-ਬੀ ਐੱਸ ਰਤਨ

ਅਮਰੀਕਾ ਦੇ ਜਸਟਿਸ ਕਾਰਡੋਜ਼ੋ ਨੇ ਕਿਹਾ ਸੀ, 'ਅਸੀਂ ਉਹੀ ਕੁਝ ਹੁੰਦੇ ਹਾਂ, ਜੋ ਆਪਣੇ ਬਾਰੇ ਸੋਚਦੇ ਹਾਂ।' ਹਰ ਵਿਅਕਤੀ ਆਪਣੇ ਬਾਰੇ ਖੁਦ ਹੀ ਅੰਦਾਜ਼ਾ ਲਾਉਂਦਾ ਹੈ ਤੇ ਜੋ ਧਾਰਨਾ ਪਾਲਦਾ ਹੈ, ਉਸੇ ਤਰ੍ਹਾਂ ਦਾ ਬਣ ਜਾਂਦਾ ਹੈ। ਨਾਰਮਲ ਵਿਨਸੈਂਟ ਪੀਅਲ ਵੱਲੋਂ ਲਿਖੀ ਪੁਸਤਕ 'ਜ਼ਿੰਦਗੀ ਭਰ ਜ਼ਿੰਦਾ ਰਹੋ' (Stay Alive All Your Life by Norman Vinicent Peale) ਚਰਿੱਤਰ ਉਸਾਰੀ ਤੇ ਜੀਵਨ ਜਾਚ ਪ੍ਰਤੀ ਸਫਲ ਸੇਧ ਦੇਣ ਵਾਲੀ ਮਹੱਤਵ ਪੂਰਨ ਸੌਗਾਤ ਹੈ। ਲੇਖਕ ਨੇ ਇਸ ਪੁਸਤਕ 'ਸਾਰਥਕ ਸੋਚ ਦੀ ਸ਼ਕਤੀ' ਨਾਲ ਸੰਸਾਰ ਦੀ ਪ੍ਰਸਿੱਧੀ ਖੱਟੀ ਹੈ। ਜੀਵਨ ਨੂੰ ਅਰਥ ਭਰਪੂਰ ਅਤੇ ਅਤਿ-ਮਾਨਣ ਯੋਗ ਬਣਾਉਣ ਦੇ ਨੁਕਤੇ ਪੇਸ਼ ਕਰਦੀ ਇਹ ਪੁਸਤਕ ਅਨੇਕ ਮਾਪਦੰਡਾਂ ਤੇ ਨਿਰਦੇਸ਼ਾਂ ਦੀ ਨਿਸ਼ਾਨਦੇਹੀ ਕਰਦੀ ਹੈ। ਸਾਰਥਕ ਸੋਚ, ਸਵੈ ਵਿਸ਼ਵਾਸ, ਆਸ਼ਾਵਾਦੀ ਨਜ਼ਰੀਆ, ਦ੍ਰਿੜ੍ਹ ਇਰਾਦਾ ਤੇ ਇਮਾਨਦਾਰੀ ਆਦਿ ਸਰਲ ਅੰਦਾਜ਼ ਵਿੱਚ ਪੇਸ਼ ਕੀਤੇ ਗਏ ਹਨ। ਪੁਸਤਕ ਦੇ ਕੁੱਲ ਸੋਲਾਂ ਚੈਪਟਰ ਹਨ, ਜਿਨ੍ਹਾਂ ਵਿੱਚ ਵਿਸ਼ੇਸ਼ ਮਨੁੱਖੀ ਗੁਣਾਂ ਦੀ ਵਿਆਖਿਆ ਤੇ ਅਭਿਆਸ ਕਰਨ ਦੀ ਵਿਧੀ ਦੱਸੀ ਗਈ ਹੈ। ਲੇਖਕ ਨੇ ਇਸ ਪੁਸਤਕ ਰਾਹੀਂ ਜ਼ਿੰਦਗੀ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕੀਤਾ ਹੈ। ਪੁਸਤਕ ਸ਼ੁਰੂ ਤੋਂ ਅਖੀਰ ਤੱਕ ਦਿਲਚਸਪੀ, ਲਗਨ ਤੇ ਅਥਾਹ ਜੋਸ਼ ਨਾਲ ਪੜ੍ਹੀ ਜਾ ਸਕਦੀ ਹੈ।

ਯਕੀਨ ਵਿੱਚ ਅਥਾਹ ਸ਼ਕਤੀ ਸਮਾਈ ਹੋਈ ਹੈ, ਜੋ ਤੁਹਾਡੇ ਅੰਦਰ ਉਤਸ਼ਾਹ ਪੈਦਾ ਕਰਦੀ ਹੈ। ਕਿਸੇ ਵੀ ਕਾਰਜ ਨੂੰ ਪੂਰਾ ਕਰਨ ਵਾਸਤੇ ਜਾਂ ਕਿਸੇ ਵੀ ਮੰਜ਼ਿਲ ਨੂੰ ਹਾਸਲ ਕਰਨ ਵਾਸਤੇ ਜੇ ਸਾਨੂੰ ਆਪਣੇ ਆਪ ਉਤੇ ਯਕੀਨ ਹੋਵੇ ਤਾਂ ਸਫਲਤਾ ਹਾਸਲ ਹੁੰਦੀ ਹੈ। ਲੇਖਕ ਸਲਾਹ ਦਿੰਦੇ ਹਨ ਕਿ ਪ੍ਰਮਾਤਮਾ ਉੱਤੇ ਯਕੀਨ ਕਰਨਾ ਚਾਹੀਦਾ ਹੈ। ਸਾਡਾ ਇਹ ਯਕੀਨ ਸਿਰਫ ਅਕਾਦਮਿਕ ਨਹੀਂ, ਸਗੋਂ ਪ੍ਰਮਾਤਮਾ ਉੱਤੇ ਅਟੱਲ ਭਰੋਸਾ ਹੋਣਾ ਚਾਹੀਦਾ ਹੈ। ਸਾਨੂੰ ਆਪਣੇ ਆਪ ਦੇ ਆਲੇ ਦੁਆਲੇ ਦੇ ਲੋਕਾਂ ਉਪਰ ਵੀ ਭਰੋਸਾ ਹੋਣਾ ਚਾਹੀਦਾ ਹੈ। ਲੇਖਕ ਦਾ ਮਸ਼ਵਰਾ ਹੈ ਕਿ ਜੇ ਅਸੀਂ ਪਿਆਰ, ਉਮੀਦ, ਸ਼ਰਧਾ ਅਤੇ ਆਸ਼ਾਵਾਦੀ ਨਜ਼ਰੀਏ ਨਾਲ ਕਿਸੇ ਵੀ ਚੀਜ਼ ਦੀ ਇੱਛਾ ਰੱਖਾਂਗੇ ਤਾਂ ਯਕੀਨਨ ਸਾਡੀ ਝੋਲੀ ਪਵੇਗੀ। ਲੇਖਕ ਸਲਾਹ ਦਿੰਦਾ ਹੈ ਕਿ ਅਸੀਂ ਸਥਿਤੀਆਂ ਜਾਂ ਦੂਜੇ ਲੋਕਾਂ ਨੂੰ ਦੋਸ਼ ਦੇਣ ਵਿੱਚ ਸਮਾਂ ਬਰਬਾਦ ਨਾ ਕਰੀਏ। ਸਾਨੂੰ ਆਪਣੇ ਆਪ ਨੂੰ ਹੀ ਘੋਖਣਾ ਚਾਹੀਦਾ ਹੈ, ਕਿਉਂਕਿ ਹੋ ਸਕਦਾ ਹੈ ਕਿ ਅਸੀਂ ਦੂਜਿਆਂ ਪ੍ਰਤੀ ਬੇਬੁਨਿਆਦ ਰਾਏ ਘੜੀ ਰੱਖੀਏ। ਉਹ ਪੋਲ ਵਾਲਟ ਦੇ ਵਿਸ਼ਵ ਚੈਂਪੀਅਨ ਬਾਬ ਰਿਚਰਡ ਦੀ ਮਿਸਾਲ ਦਿੰਦੇ ਹਨ। ਜਦੋਂ ਇਨਾਮ ਲੈਣ ਪਿੱਛੋਂ ਰਿਪੋਰਟਰਾਂ ਨੇ ਬਾਬ ਰਿਚਰਡ ਨੂੰ ਉਸ ਦੀ ਸਫਲਤਾ ਦਾ ਰਾਜ਼ ਪੁੱਛਿਆ ਤਾਂ ਉਸ ਨੇ ਜਵਾਬ



ਦਿੱਤਾ ਕਿ ਪ੍ਰਮਾਤਮਾ ਨੇ ਉਸ ਦਾ ਸਾਥ ਦਿੱਤਾ ਸੀ। ਹੋਰ ਸਪੱਸ਼ਟ ਕਰਦੇ ਉਸ ਨੇ ਕਿਹਾ ਕਿ ਪ੍ਰਮਾਤਮਾ ਸਾਨੂੰ ਮਨੋਵਿ-ਗਆਨਕ ਤਾਕਤ ਦੇਂਦਾ ਹੈ। ਜਿੰਨੀ ਦੇਰ ਅਸੀਂ ਜ਼ਿੰਦਾ ਹਾਂ, ਓਨੀ ਦੇਰ ਯਕੀਨ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਸੰਖੇਪ ਵਿੱਚ ਕਿਹਾ ਜਾਵੇ ਤਾਂ ਸਖਤ ਮਿਹਨਤ ਕਰੀਏ, ਘਟਨਾਵਾਂ ਦੇ ਸਹਿਯੋਗ ਦੀ ਕਲਪਨਾ ਕਰੀਏ, ਰਚਨਾਤਮਕ ਸੋਚ ਦਾ ਅਭਿਆਸ ਜਾਰੀ ਰੱਖੀਏ ਤੇ ਆਪਾ ਭੁੱਲ ਕੇ ਦੂਜਿਆਂ ਦੀ ਭਲਾਈ ਬਾਰੇ ਅਰਦਾਸ ਕਰੀਏ।

ਜੋਸ਼ ਸਾਡੇ ਅੰਦਰ ਚਮਤਕਾਰੀ ਤੇ ਜਾਦੂਮਈ ਤਾਕਤ ਪੈਦਾ ਕਰਦਾ ਹੈ। ਜੇ ਅਸੀਂ ਨਿਰਾਸ਼ਾਵਾਦੀ ਸੋਚ ਛੱਡ ਕੇ ਆਸ਼ਾਵਾਦੀ ਨਜ਼ਰੀਆ ਅਪਣਾਉਂਦੇ ਹਾਂ ਤਾਂ ਨਤੀਜੇ ਹੈਰਾਨ ਕਰਨ ਵਾਲੇ ਹੋਣਗੇ। ਸਾਡੀ ਯੋਗਤਾ ਅਭਿਆਸ ਅਤੇ ਅਨੁਭਵ ਦੂਜਿਆਂ ਨਾਲੋਂ ਘੱਟ ਹੋਵੇ ਤਾਂ ਅਸੀਂ ਪ੍ਰਭਾਵਸ਼ਾਲੀ ਜੋਸ਼ ਰਾਹੀਂ ਹਰ ਊਣਤਾਈ ਪੂਰੀ ਕਰ ਸਕਦੇ ਹਾਂ। ਲੇਖਕ ਸਾਨੂੰ ਜ਼ੋਰ ਦਿੰਦੇ ਹਨ ਕਿ ਸਾਨੂੰ ਨਿਰਾਸ਼ਾਵਾਦੀ ਸੋਚ ਅਪਣਾ ਕੇ ਕਦੇ ਨੁਕਸਾਂ ਜਾਂ ਘਾਟਾਂ ਦੀ ਧਾਰਨਾ ਨਹੀਂ ਰੱਖਣੀ ਚਾਹੀਦੀ। ਬਹੁਤ ਸਾਰੇ ਲੋਕ ਆਪਣੇ ਬਾਰੇ ਗਲਤ ਅੰਦਾਜ਼ਾ ਲਾਈ ਰੱਖਦੇ ਹਨ। ਆਪਣੀ ਜ਼ਿੰਦਗੀ ਵਿੱਚ ਜਦੋਂ ਅਸੀਂ ਆਸ਼ਾਵਾਦੀ ਜੋਸ਼ ਭਰ ਦਿੰਦੇ ਹਾਂ ਤਾਂ ਆਪ ਮੁਹਾਰੇ ਸਾਡੀਆਂ ਨਵੀਆਂ ਖੂਬੀਆਂ ਉਭਰ ਆਉਂਦੀਆਂ ਹਨ। ਜੋਸ਼ ਦਾ ਸਿਹਤ ਠੀਕ ਰੱਖਣ 'ਤੇ ਸ਼ਕਤੀਸ਼ਾਲੀ ਪ੍ਰਭਾਵ ਪੈਂਦਾ ਹੈ। ਲੋਕ ਸੱਚਮੁੱਚ ਮੌਤ ਤੱਕ ਪਹੁੰਚ ਜਾਂਦੇ ਹਨ, ਕਿਉਂਕਿ ਉਹ ਆਪਣਾ ਜੋਸ਼ ਗੁਆ ਬੈਠਦੇ ਹਨ।

ਇਹ ਆਮ ਵੇਖਣ ਵਿੱਚ ਆਇਆ ਹੈ ਕਿ ਅਣਚਾਹੀਆਂ ਸੋਚਾਂ ਤੋਂ ਛੁਟਕਾਰਾ ਪਾਉਣ ਵਾਸਤੇ ਮਨੋਵਿਗਿਆਨਕ ਤੌਰ 'ਤੇ ਤੁਹਾਨੂੰ ਉਸ ਦੇ ਖਿਲਾਫ ਸੋਚਣਾ ਪਵੇਗਾ। ਜੇ ਤੁਸੀਂ ਕਿਸੇ ਗੱਲ ਤੋਂ ਡਰਦੇ ਹੋ ਤਾਂ ਤੁਹਾਨੂੰ ਹੌਸਲੇ ਨਾਲ ਮੁਕਾਬਲਾ ਕਰਨਾ ਪਵੇਗਾ ਅਤੇ ਇਸ ਹੌਸਲੇ ਦਾ ਪ੍ਰਦਰਸ਼ਨ ਕਰਨਾ ਪਵੇਗਾ। ਹਾਲ ਸ਼ੈਨੀਫਰ ਗਰੀਬ ਘਰ ਦਾ ਲੜਕਾ ਸੀ, ਜੋ ਨਿਊ ਯਾਰਕ ਦੇ ਬੇਹੱਦ ਘੱਟ ਸਹੂਲਤਾਂ ਵਾਲੇ ਇਲਾਕੇ ਵਿੱਚ ਰਹਿੰਦਾ ਸੀ। ਉਸ ਨੂੰ ਅਪਾਰਟਮੈਂਟਸ ਦੀ ਲਿਫਟ ਚਲਾਉਣ ਦਾ ਕੰਮ ਮਿਲਿਆ। ਭਾਵੇਂ ਕੰਮ ਛੋਟਾ ਸੀ, ਪਰ ਉਹ ਬੜੀ ਤਨਦੇਹੀ ਨਾਲ ਕਰਦਾ ਸੀ। ਉਸ ਦਾ ਸ਼ੁਗਲ ਰੇਡੀਓ ਇੰਜੀਨੀਅਰਿੰਗ ਸੀ, ਜੋ ਉਹ ਵਾਧੂ ਸਮੇਂ ਵਿੱਚ ਸਿਖਦਾ ਸੀ। ਉਹ ਬੜੇ ਸ਼ੌਕ ਤੇ ਲਗਨ ਨਾਲ ਕੰਮ ਸਿੱਖਦਾ ਗਿਆ ਤੇ ਫਿਰ ਉਸ ਨੂੰ ਸਹਾਇਕ ਦੀ ਨੌਕਰੀ ਮਿਲ ਗਈ। ਬੇਸ਼ੱਕ ਨੌਕਰੀ ਛੋਟੀ ਸੀ, ਪਰ ਉਸ ਨੇ ਸੁਪਨੇ ਸਾਕਾਰ ਕਰਨ ਵਾਸਤੇ ਟੀਚਾ ਵੱਡਾ ਰੱਖਿਆ ਤੇ ਆਖਰ ਉਹ ਨੈਸ਼ਨਲ ਬਰਾਡਕਾਸਟਿੰਗ ਕੰਪਨੀ ਦਾ ਚੋਟੀ ਦਾ ਇੰਜੀਨੀਅਰ ਬਣ ਗਿਆ। ਇਤਫਾਕ ਦੀ ਗੱਲ ਹੈ ਕਿ 1952 ਦੀ ਰਾਸ਼ਟਰਪਤੀ ਚੋਣ ਵੇਲੇ ਉਸ ਨੂੰ ਜਨਰਲ ਆਈਜ਼ਨਹਾਵਰ ਦੇ ਦੌਰਿਆਂ ਨੂੰ ਰਿਪੋਰਟ ਕਰਨ ਦੀ ਡਿਊਟੀ ਮਿਲ ਗਈ। ਉਹ ਬਹੁਤ ਮਾਣ ਅਤੇ ਜੋਸ਼ ਮਹਿਸੂਸ ਕਰ ਰਿਹਾ ਸੀ।

ਆਪਣੀ ਨਿਰਾਸ਼ਾ ਉਪਰ ਕਾਬੂ ਪਾ ਕੇ ਰਚਨਾਤਮਕ ਸਾਬਿਤ ਹੋਣ ਦੇ ਕਈ ਸਾਧਨ ਹਨ। ਨਿਰਾਸ਼ਾ ਜਾਂ ਢਹਿੰਦੀ ਕਲਾ ਵਿੱਚ ਰਹਿਣਾ ਇੱਕ ਮਾਨਸਿਕ ਸਥਿਤੀ ਹੈ, ਜਿਸ ਉਪਰ ਕਾਬੂ ਪਾਉਣ ਵਾਸਤੇ ਸਹਿਜ ਤੇ ਸਾਰਥਕ ਸੋਚ ਕੰਮ ਆਉਂਦੀ ਹੈ। ਜੇ ਤੁਸੀਂ ਨਿਰਾਸ਼ਾ ਤੋਂ ਛੁਟਕਾਰਾ ਪਾਉਣਾ ਹੈ ਤਾਂ ਜ਼ਿੰਦਗੀ ਭਰ ਜ਼ਿੰਦਾ ਦਿਲੀ ਦਾ ਅਭਿਆਸ ਕਰੋ। ਲੇਖਕ ਮੁਤਾਬਕ ਨਿਰਾਸ਼ਾ ਵੇਲੇ ਕਿਸੇ ਮਕਸਦ ਲਈ ਸਾਨੂੰ ਆਪਣੇ ਵੱਲੋਂ ਹਰ ਤਰੀਕੇ ਵਧੀਆ ਤੋਂ ਵਧੀਆ ਅਤੇ ਵੱਧ ਤੋਂ ਵੱਧ ਕੰਮ ਕਰਨਾ ਚਾਹੀਦਾ ਹੈ। ਲੇਖਕ ਇੱਕ ਔਰਤ ਦੀ ਮਿਸਾਲ ਦਿੰਦੇ ਹਨ, ਜੋ ਵਾਰ ਵਾਰ ਡਾਕਟਰ ਕੋਲ ਆਪਣਾ ਇਲਾਜ ਕਰਵਾਉਣ ਜਾਂਦੀ ਸੀ। ਉਹ ਗੱਲ ਕਰਨ ਵੇਲੇ ਲਗਾਤਾਰ ਆਪਣਾ ਸਿਰ ਹਿਲਾਉਂਦੀ ਸੀ। ਹਰ ਵਾਰ ਉਹ ਆਪਣੀ ਨੂੰਹ ਦੀ ਸ਼ਿਕਾਇਤ ਕਰਦੀ ਸੀ, ਜਿਸ ਤੋਂ ਉਸ ਦੀ ਨੂੰਹ ਪ੍ਰਤੀ ਨਫਰਤ ਤੇ ਦੂਰੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਸੀ। ਡਾਕਟਰ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਪ੍ਰਮਾਤਮਾ ਅੱਗੇ ਦਿਨ ਵਿੱਚ 10 ਵਾਰ ਪ੍ਰਾਰਥਨਾ ਕਰੇ ਕਿ ਪ੍ਰਮਾਤਮਾ ਉਸ ਨੂੰ ਸ਼ਾਂਤੀ ਬਖਸ਼ੇ ਤੇ ਜਿੰਨੇ ਵਾਰ ਵੀ ਹੋ ਸਕੇ, ਆਪਣੀ ਨੂੰਹ ਬਾਰੇ ਮੰਦੇ ਸ਼ਬਦਾਂ ਦੀ ਬਜਾਏ ਥਾਂ ਸ਼ਬਦ ਦੀ ਵਰਤੋਂ ਕਰੇ। ਆਖਰ ਉਸ ਨੂੰ ਸਮਝ ਲੱਗ ਗਈ ਕਿ ਨੂੰਹ ਉਸ ਦੇ ਆਪਣੇ ਬੇਟੇ ਦੀ ਪਤਨੀ ਹੈ ਤੇ ਉਸ ਨੂੰ ਬਰਦਾਸ਼ਤ ਕਰਨਾ ਜਾਂ ਅਪਣੱਤ ਅਤੇ ਸਹਿਯੋਗ ਨਾਲ ਉਸ ਨਾਲ ਰਹਿਣਾ ਹੀ ਨਿਰਾਸ਼ਾ ਦਾ ਹੱਲ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਠਰ੍ਹੰਮੇ ਤੇ ਨਰਮੀ ਨਾਲ ਰਹਿਣਾ ਸਿੱਖੀਏ। ਡਾਕਟਰ ਦੱਸਦੇ ਹਨ ਕਿ ਗੁੱਸਾ ਸਾਡੇ ਪੇਟ ਅੰਦਰ ਦੌਰੇ ਵਰਗੀ ਅਨਿਯਮਿਤ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਬਾਈਬਲ ਦੇ ਉਪਦੇਸ਼ ਮੁਤਾਬਕ ਵੀ ਜੇ ਅਸੀਂ ਆਪਣੇ ਮਨ ਵਿੱਚੋਂ ਬੁਰੀਆਂ ਭਾਵਨਾਵਾਂ, ਗੁੱਸਾ, ਡਰ ਅਤੇ ਨਫਰਤ ਕੱਢ ਦਿਆਂਗੇ ਤਾਂ ਚੰਗੀ ਸਿਹਤ ਮਾਣ ਸਕਾਂਗੇ। ਗੁੱਸੇ ਦੀ ਥਾਂ ਸਹਿਣਸ਼ੀਲਤਾ ਹਾਸਲ ਕਰਨ ਵਾਸਤੇ ਪ੍ਰਮਾਤਮਾ ਦਾ ਸਹਾਰਾ ਲੈਣਾ ਚਾਹੀਦਾ ਹੈ।

## ਬਿਊਟੀ ਟਿਪਸ

# ਸ਼ਿਮਰ ਮੇਕਅਪ



ਕੀ ਹੁੰਦਾ ਹੈ ਸ਼ਿਮਰ : ਸ਼ਿਮਰ ਇੱਕ ਚਮਕੀਲਾ ਡ੍ਰਾਈ ਪਾਊਡਰ ਹੁੰਦਾ ਹੈ, ਜੋ ਅੱਖਾਂ ਨੂੰ ਸਪਾਰਕਲ ਇਫੈਕਟ ਦਿੰਦਾ ਹੈ, ਪਰ ਇਸ ਨੂੰ ਪਲਕਾਂ 'ਤੇ ਇਸਤੇਮਾਲ ਕਰਦੇ ਸਮੇਂ ਬੇਹੱਦ ਸਾਵਧਾਨੀ ਵਰਤਣੀ ਚਾਹੀਦੀ ਹੈ। ਸ਼ਿਮਰ ਨੂੰ ਗਲ, ਨੱਕ ਅਤੇ ਆਈ ਸ਼ੈਡੋ ਦੇ ਮੇਕਅਪ ਲਈ ਇਸਤੇਮਾਲ ਕੀਤਾ ਜਾਂਦਾ ਹੈ।

ਮਾਰਕੀਟ ਵਿੱਚ ਸ਼ਿਮਰ ਪਾਊਡਰ, ਕ੍ਰੀਮ ਤੇ ਲਿਕੁਇਡ ਤਿੰਨੋਂ ਰੂਪਾਂ 'ਚ ਆਸਾਨੀ ਨਾਲ ਮਿਲ ਜਾਂਦਾ ਹੈ, ਪਰ ਤਿੰਨਾਂ ਨੂੰ ਵੱਖ-ਵੱਖ ਉਦੇਸ਼ ਲਈ ਇਸਤੇਮਾਲ ਕੀਤਾ ਜਾਂਦਾ ਹੈ।

ਲੋਸ਼ਨ ਸ਼ਿਮਰ ਦੀ ਵਰਤੋਂ ਸਿਰਪ ਸ਼ਿਮਰ ਦਾ ਟੱਚ ਦੇਣ ਲਈ ਕੀਤੀ ਜਾਂਦੀ ਹੈ।

ਕ੍ਰੀਮੀ ਸ਼ਿਮਰ ਦਾ ਇਸਤੇਮਾਲ ਮੀਡੀਅਮ ਟੱਚ ਲਈ ਕੀਤਾ ਜਾਂਦਾ ਹੈ।

ਪਾਊਡਰ ਸ਼ਿਮਰ ਦਾ ਇਸਤੇਮਾਲ ਚਿਹਰੇ ਦੇ ਕਿਸੇ ਹਿੱਸੇ ਨੂੰ ਆਕਰਸ਼ਣ ਦਾ ਕੇਂਦਰ ਬਣਾਉਣ ਲਈ ਕੀਤਾ ਜਾਂਦਾ ਹੈ।

ਟਿਪਸ

* ਸ਼ਿਮਰ ਦੀ ਵਰਤੋਂ ਕਰਦੇ ਸਮੇਂ ਤੁਸੀਂ ਆਪਣੀ ਸਕਿਨ ਟੋਨ ਦਾ ਜ਼ਰੂਰ ਧਿਆਨ ਰੱਖੋ। ਜੇ ਤੁਹਾਡਾ ਰੰਗ ਗੋਰਾ ਹੈ ਤਾਂ ਸਿਲਵਰ ਤੇ ਪਿੰਕ ਕਲਰ ਦਾ ਸ਼ਿਮਰ ਇਸਤੇਮਾਲ ਕਰਨ ਨਾਲ ਤੁਹਾਡੇ ਚਿਹਰੇ 'ਤੇ ਨਿਖਾਰ ਆਏਗਾ।
* ਜੇ ਤੁਹਾਡੀ ਸਕਿਨ ਡਰਾਈ ਹੈ ਤਾਂ ਗੋਲਡਨ ਤੇ ਬ੍ਰਾਊਨਜ਼ ਸ਼ਿਮਰ ਦਾ ਇਸਤੇਮਾਲ ਚਿਹਰੇ ਨੂੰ ਆਕਰਸ਼ਕ ਬਣਾ ਦਿੰਦਾ ਹੈ।
* ਜੇ ਤੁਹਾਡੀ ਚਮੜੀ ਦਾ ਰੰਗ ਕਣਕ ਵੰਨਾ ਹੈ ਤਾਂ ਸਿਲਵਰ ਕਲਰ ਦਾ ਇਸਤੇਮਾਲ ਚਿਹਰੇ ਦੀ ਖੂਬਸੂਰਤੀ ਨੂੰ ਹੋਰ ਵਧਾ ਦਿੰਦਾ ਹੈ।
* ਚਿਹਰੇ ਨੂੰ ਹਾਈਲਾਈਟ ਕਰਨ ਵਾਲੇ ਕੁਝ ਹੋਰ ਹਿੱਸਿਆਂ, ਜਿਵੇਂ ਗਲ, ਮੱਥਾ, ਠੋਡੀ, ਆਈਬ੍ਰੋਅ ਅਤੇ ਬੋਂਸ ਆਦਿ 'ਤੇ ਵੀ ਤੁਸੀਂ ਸ਼ਿਮਰ ਇਸਤੇਮਾਲ ਕਰ ਸਕਦੇ ਹੋ।
* ਜੇ ਤੁਸੀਂ ਸ਼ਿਮਰ ਨੂੰ ਫਾਊਂਡੇਸ਼ਨ 'ਚ ਮਿਲਾ ਕੇ ਲਾਉਣਾ ਚਾਹੁੰਦੇ ਹੋ ਤਾਂ ਲਿਕੁਇਡ ਜਾਂ ਕਰੀਮੀ ਸ਼ਿਮਰ ਦਾ ਇਸਤੇਮਾਲ ਕਰੋ।
* ਕੱਪੜਿਆਂ ਦੇ ਰੰਗ ਨੂੰ ਧਿਆਨ ਵਿੱਚ ਰੱਖ ਕੇ ਸ਼ਿਮਰ ਇਸਤੇਮਾਲ ਕਰੋ।
* ਕ੍ਰੀਮ ਵਿੱਚ ਦੋ ਬੂੰਦ ਲਿਕੁਇਡ ਸ਼ਿਮਰ ਨੂੰ ਪਾ ਕੇ ਮਿਕਸ ਕਰ ਲਓ। ਤੁਸੀਂ ਜਦੋਂ ਕਿਤੇ ਬਾਹਰ ਜਾਓ ਤਾਂ ਥੋੜ੍ਹੀ ਜਿਹੀ ਕ੍ਰੀਮ ਨੂੰ ਗਰਦਨ ਜਾਂ ਬਾਹਾਂ 'ਤੇ ਲਾ ਸਕਦੇ ਹੋ, ਇਸ ਨਾਲ ਤੁਹਾਡੀ ਸਕਿਨ ਚਮਕਣ ਲੱਗਦੀ ਹੈ।
* ਸ਼ਿਮਰ ਦਾ ਸਭ ਤੋਂ ਵਧੀਆ ਇਸਤੇਮਾਲ ਕਰਨ ਲਈ ਤੁਸੀਂ ਕ੍ਰੀਮ, ਲੋਸ਼ਨ ਜਾਂ ਪਾਊਡਰ 'ਚ ਸ਼ਿਮਰ ਮਿਲਾ ਕੇ ਲਾਓ, ਇਸ ਨਾਲ ਤੁਹਾਡੇ ਚਿਹਰੇ 'ਤੇ ਨੂਰ ਵਰ੍ਹੇਗਾ।

ਮੇਕਅਪ ਕਰਦੇ ਸਮੇਂ ਧਿਆਨ ਰੱਖੋ

* ਡ੍ਰਾਈ ਸਕਿਨ ਵਾਲੀਆਂ ਔਰਤਾਂ ਸ਼ਿਮਰ ਇਸਤੇਮਾਲ ਕਰਨ ਤੋਂ ਪਹਿਲਾਂ ਮੁਆਇਸਚੁਰਾਈਜ਼ਰ ਜ਼ਰੂਰ ਲਾਉਣ, ਜਿਸ ਨਾਲ ਸ਼ਿਮਰ ਜ਼ਿਆਦਾ ਦੇਰ ਤੱਕ ਟਿਕ ਸਕੇ।
* ਜੇ ਤੁਹਾਡੀ ਚਮੜੀ 'ਤੇ ਰੈਸ਼ੇਜ ਹਨ ਤਾਂ ਸ਼ਿਮਰ ਦਾ ਇਸਤੇਮਾਲ ਕਰਨ ਤੋਂ ਬਚੋ।
* ਜੇ ਤੁਹਾਡੀ ਸਕਿਨ ਆਇਲੀ ਹੈ ਤਾਂ ਤੁਸੀਂ ਲਿਕੁਇਡ ਜਾਂ ਜੈਲ ਸ਼ਿਮਰ ਇਸਤੇਮਾਲ ਨਾ ਕਰੋ।
* ਪੂਰਾ ਮੇਕਅਪ ਕਰਨ ਤੋਂ ਬਾਅਦ ਹੀ ਸ਼ਿਮਰ ਇਸਤੇਮਾਲ ਕਰੋ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

DASS BROTHERS
SMART TRUCK TRAINING ACADEMY
SHER
GT20
PIZZA DEPOT www.pizzadepot.ca
WATNO DUR
SAMOSA AND SWEET FACTORY
apna taste
TEEYAN ਦਾ ਮੇਲਾ
12th May, 2019 Sunday
CAA Centre Brampton
(FORMERLY KNOWN AS POWERADE CENTRE)
Sukhi Nijjar
905-799-0999

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
♦ Free Evaluation of your Property
♦ Special Packages for First Time Buyer
♦ Arrangement of Low Mortgage rate Lawyer
♦ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
Photo Not Available
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$969,900
Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ

# Ontario Sikhs & Gurdwara Council
## celebrates
# Khalsa Sajna Divas



ਖਾਲਸਾ ਜੀ ਦੇ ਬੋਲਬਾਲੇ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਖਾਲਸਾ ਸਾਜਨਾ ਦਿਵਸ ਦੇ ਸੰਬੰਧ ਵਿੱਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਓਨਟਾਰੀਓ ਸਿੱਖਸ ਅਤੇ ਗੁਰਦੁਆਰਾ ਵੱਲੋਂ ਮਹਾਨ ਨਗਰ ਕੀਰਤਨ 28 ਅਪ੍ਰੈਲ ਦਿਨ ਐਤਵਾਰ ਨੂੰ ਟੋਰਾਂਟੋ ਡਾਊਨਟਾਊਨ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ।

**320th KHALSA Sajna Divas**
**28th APRIL, 2019**
*(DOWNTOWN TORONTO)*

## PROGRAMME
ਪ੍ਰੋਗਰਾਮ


9:00 am to 12.30 pm
ਦੀਵਾਨ ਦਾ ਆਰੰਭ ਦੁਨੀਆਂ ਭਰ ਤੋਂ ਆਏ ਰਾਗੀ, ਢਾਡੀ ਅਤੇ ਕਥਾ ਵਾਚਕਾਂ ਵੱਲੋਂ ਕੀਤਾ ਜਾਵੇਗਾ
Start of Kirtan by Ragis, Dhadi Jathas from around the world at Better Living Centre, CNE Ground

12:00 noon - 12.30 pm
Anand Sahib, ਅਨੰਦ ਸਾਹਿਬ
Ardas, ਅਰਦਾਸ

1:00 pm
Start of Nagar Kirtan, ਨਗਰ ਕੀਰਤਨ ਦਾ ਅਰੰਭ

3:00 pm - 5:00 pm
Speakers at City Hall, ਸਿਟੀ ਹਾਲ ਵਿੱਚ ਸੰਦੇਸ਼
Closing, ਸਮਾਪਤੀ


Sikh Heritage Month




## Parade Route
From Better Living Centre to Lakeshore Blvd. to York St. then go north on University Ave. to City Hall

## Parking:
We recommend you drop your family at **Better Living Centre** and then the driver goes to City Hall to park and take the shuttle from 9:30am to 11:00am
1) **Better Living Centre** parking
2) City Hall underground parking

### Toronto Nagar Kirtan Bus Information
Sunday, April 28, 2019




1 Shuttle Bus to CNE — Armoury St. & Chestnut St. 9:30am-11:00am / 4:00pm - 6:00pm
2 Burlington — 2400 Guelph Line (No Frills) 9:00am-9:30am / 4:00pm - 6:00pm
3 Scarborough — 905 Middleeld Road 8:00am-10:00am / 4:00pm - 6:00pm
3B Ajax/Pickering — 1899 Brock Road, Pickering 9:30am / 5:00pm
3C Durham Region — 1410 Stevenson Rd. N, Oshawa 9:30am / 5:00pm
4 Dixie — 7080 Dixie Road (at Derry Rd.) 9:00am-10:00am / 4:00pm-6:00pm
6 North York — 140 Rivalda Rd. (Ramgarhia Gurd.) 9:30am-10:00am / 4:00pm-5:00pm
7 Old Weston — 1615 Dundas St. (at Thickson Rd.) 9:30am / 5:00pm
8 Rexdale Singh Sabha — 47 Baywood Dr. 9:30am-10:00am / 4:00pm-6:00pm
8C Sikh Spiritual Centre — 9 Carrier Dr. 9:30am-10:00am / 4:00pm-5:00pm
9 Dasmesh Darbar — 4525 Ebenezer Rd. (at Gore Rd.) 9:30am-10:00am / 4:00pm-6:00pm
9A Sikh Heritage Centre — 11796 Airport Rd (at Mayeld Rd.) 9:00am-9:30am / 4:00pm-6:00pm
10 Guru Nanak Mission — Peter Robertson Rd. & Dixie Rd. 9:30am-10:00am / 4:00pm-6:00pm
10C Nanaksar Gurdwara — McLaughlin Rd. & Ray Lawson Blvd. 9:15am-10:00am / 4:00pm-5:00pm
11 Out of Town Buses — Barrie, Guelph, Hamilton Kitchener, and other cities

Seniors or those with small children are asked to come at 4pm and catch the rst buses going back to the Gurdwaras, and thereby avoid the congestion.

Questions?
416-873-4507
mail@ggscf.com
Please ask for assistance from volunteers of the Guru Gobind Singh Children's Foundation

**Bus information- CHANGES FROM LAST YEAR**
ਬਸਾਂ ਬਾਰੇ ਜਾਣਕਾਰੀ – ਪਿਛਲੇ ਸਾਲਾਂ ਨਾਲੋਂ ਤਬਦੀਲੀ

| ROUTE | | Service Changes |
|---|---|---|
| 9 | Gurdwara Dashmesh Darbar ਗੁਰਦਵਾਰਾ ਦਸਮੇਸ਼ ਦਰਬਾਰ | There are no service changes to this location |
| 9A | Sikh Heritage Centre ਸਿਖ ਹੈਰਿਟੇਜ ਸੈਂਟਰ | In Morning Sangat from these locations will take a shuttle bus to Gurdwara Dashmesh Darbar, where they will then board Route 9 busses taking them to the CNE, In evening, they will take Route 9 Buses back to Gurdwara Dashmesh Darbar, followed by a shuttle to Sikh Heritage Centre<br>ਸਵੇਰ ਵੇਲੇ ਸ਼ਟਲ ਬੱਸਾਂ ਇਸ ਜਗਹ ਤੋਂ ਗੁਰਦਵਾਰਾ ਦਸਮੇਸ਼ ਦਰਬਾਰ ਜਾਣਗੀਆਂ। ਉੱਥੋਂ ਹੋਰ ਬਸਾਂ ਡਾਊਨਟਾਊਨ ਜਾਣਗੀਆਂ । ਇਸੇ ਤਰਾਂ ਸ਼ਾਮ ਵੇਲੇ ਵਾਪਸ ਗੁਰਦਵਾਰਾ ਦਸਮੇਸ਼ ਦਰਬਾਰ ਆਕੇ ਸ਼ਟਲ ਬੱਸਾਂ ਰਾਹੀਂ ਸਿਖ ਹੈਰਿਟੇਜ ਸੈਂਟਰ ਤੇ ਵਾਪਸ ਆਉਣਾ ਹੈ । |

For more info: 416-873-4507

## T.T.C. Info: (416) 393-4636

1) T.T.C route No 29 South from Wilson subway goes via Duerin subway to CNE South to CNE Grounds
2)From Dufferin subway take route No 29 South to CNE grounds *(transfer will be required).*
1) ਟੀ ਟੀ ਸੀ ਰੂਟ ਨੰ 29 ਸਾਊਥ (ਵਿਲਸਨ ਸਬਵੇ ਅਤੇ ਡਫਰਿਨ ਸਬਵੇ ਤੋਂ ਸੀ ਐਨ ਈ ਗਰਾਓਂਡ)



# BUS INFORMATION: 416-873-4507
For More Information Please contact
Gobinder S Randhawa 416.857.5196 ,Gurjant Singh 519.572.3855, Inderdeep Singh Sidhu 416.835.6355, Ranjit S Sandhu 416.520.7499, Dalip Singh Multani 519.753.2626, Kultar Singh Gill 416.676.8820, ManjitSingh Parmar 416.524.7330, Bhupinder Singh Ubbi 416.726.7388



